# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ੧ੴ ਸਤਿਗੁਰਪ੍ਰਸਾਦਿ ॥ | | ਛੰਤਾਂ ਦਾ ਆਦਿ ਮੰਗਲ। |
| ਆਸਾ, ਮਹਲਾ ੪, ਛੰਤ, ਘਰੁ ੪ ॥ | ਮਹੱਲਾ ਚੌਥਾ, ਘਰੁ ਚੌਥਾ | ਰਾਗ ਆਸਾ ਵਿਚ, ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ, ਘਰ ਚੌਥੇ ਵਿਚ ਲਿਖੀ ਗਈ ਹੈ। |
| ਹਰਿ ਅੰਮ੍ਰਿਤ ਭਿੰਨੇ ਲੋਇਣਾ, ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥ | | ੧. ਲੋਇਣ (ਅੱਖਾਂ) ਹਰੀ ਦੇ ਅੰਮ੍ਰਿਤ ਨਾਲ ਭਿੱਜੇ ਹੋਏ ਹਨ ਤੇ ਮਨ ਹਰੀ ਦੇ ਪ੍ਰੇਮ ਨਾਲ ਰੰਗਿਆ ਹੋਇਆ ਹੈ।<br>੨. ਨੋਟ ਕਰੋ ਕਿ 'ਲੋਇਣ' ਪੁਲਿੰਗ ਸ਼ਬਦ ਹੈ ਜਦਕਿ ਆਮ ਤੌਰ ਤੇ ਅੱਖਾਂ, ਨੈਨ ਆਦਿ ਇਸਤ੍ਰੀ ਲਿੰਗ ਸ਼ਬਦ ਹਨ। |
| ਮਨੁ ਰਾਮਿ ਕਸਵਟੀ ਲਾਇਆ, ਕੰਚਨੁ ਸੋਵਿੰਨਾ ॥ | ਕਸਵੱਟੀ | ੧. ਜਦੋ ਰਾਮ ਨੇ ਸਾਡਾ ਮਨ ਕਸਵੱਟੀ ਤੇ ਲਾਇਆ ਤਾਂ ਇਹ ਸੋਵਿੰਨਾ (ਸੋਹਣੇ ਰੰਗ ਵਾਲਾ) ਕੰਚਨ (ਸੋਨਾ) ਬਣ ਗਿਆ ਹੈ।<br>੨. ਕਸਵਟੀ ਇਕ ਕਿਸਮ ਦਾ ਪਥਰ ਹੁੰਦਾ ਹੈ ਜਿਸ ਉਪਰ ਸੋਨੇ ਨੂੰ ਘਸਾ ਕੇ ਪਰਖੀਦਾ ਹੈ। |
| ਗੁਰਮੁਖਿ ਰੰਗਿ ਚਲੂਲਿਆ, ਮੇਰਾ ਮਨੁ ਤਨੋ ਭਿੰਨਾ ॥ | | ਮੁਖੀ ਗੁਰੂ ਪਰਮਾਤਮਾ ਦੇ ਚਲੂਲੇ (ਗੂਹੜੇ) ਰੰਗਾਂ ਨਾਲ ਮੇਰਾ ਮਨ ਤੇ ਤਨ ਭਿਜ ਗਿਆ ਹੈ। 'ਗੁਰਮੁਖਿ' ਦਾ ਭਾਵ ਇਥੇ ਪਰਮਾਤਮਾ ਹੈ। |
| ਜਨੁ ਨਾਨਕੁ ਮੁਸਕਿ ਝਕੋਲਿਆ, ਸਭੁ ਜਨਮੁ ਧਨੁ ਧੰਨਾ ॥੧॥ | ਮੁਸ਼ਕਿ | ੧. ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਦਾਸ ਨਾਨਕ ਇਲਾਹੀ ਮੁਸ਼ਕ (ਸੁਗੰਧੀ) ਨਾਲ ਭਰ ਗਿਆ ਹੈ ਤੇ ਉਸਦਾ ਜਨਮ ਧੰਨ ਧੰਨ ਹੋ ਗਿਆ ਹੈ।<br>੨. 'ਝਕੋਲਿਆ' ਦਾ ਭਾਵ ਹੈ ਸਿੰਚਨਾ ਜਾਂ ਹਿਲਾਉਣਾ ਜਾਂ ਭਰ ਦੇਣਾ। |
| ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ<br>ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ | | ਸ੍ਰੀ ਆਸਾ ਕੀ ਵਾਰ ਦਾ ਆਦਿ ਮੰਗਲ। |
| ਆਸਾ, ਮਹਲਾ ੧ ॥ | ਮਹੱਲਾ | ਇਸ ਸਿਰਲੇਖ ਤੋਂ ਸਿਧ ਹੈ ਕਿ ਪਉੜੀਆਂ ਮਹਲੇ ਪਹਿਲੇ ਦੀਆਂ ਹਨ। |
| ਵਾਰ ਸਲੋਕਾ ਨਾਲਿ, ਸਲੋਕ ਭੀ ਮਹਲੇ ਪਹਿਲੇ ਕੇ ਲਿਖੇ, | ਸਲੋਕਾਂ, ਮਹੱਲੇ | ਇਸ ਸਿਰਲੇਖ ਵਿਚਲੇ "ਭੀ" ਤੋਂ ਸਿਧ ਹੈ ਕਿ ਪਉੜੀਆਂ ਪਹਿਲੇ ਪਾਤਿਸ਼ਾਹ ਦੀਆਂ ਹਨ। ਭਾਵ ਇਹ ਕਿ ਸਲੋਕ ਤਾਂ ਮਹਲੇ ੧ ਦੇ ਹਨ ਹੀ, ਪਉੜੀਆਂ ਵੀ ਮਹਲੇ ੧ ਦੀਆਂ ਹਨ। |
| ਟੁੰਡੇ ਅਸਰਾਜੈ ਕੀ ਧੁਨੀ ॥ | | ਇਸ ਵਾਰ ਨੂੰ ਟੁੰਡੇ ਅਸਰਾਜ ਨਾਂ ਦੇ ਰਾਜੇ ਦੀ ਵਾਰ ਦੀ ਧੁਨੀ ਤੇ ਗਾਉਣ ਦੀ ਤਾਕੀਦ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਬਲਿਹਾਰੀ ਗੁਰ ਆਪਣੇ, ਦਿਉਹਾੜੀ ਸਦ ਵਾਰ ॥ | | ਇਥੇ "ਸਦ" ਦਾ ਅਰਥ ਹੈ ਸੌ ਨਾ ਕਿ ਸਦਾ। ਇਹ ਲਫਜ਼ ਫਾਰਸੀ ਜ਼ੁਬਾਨ ਵਿਚੋਂ ਹੈ ਤੇ ਇਸ ਦਾ ਅਰਥ ਸੌ ਅਥਵਾ ਸ਼ਤ ਹੈ। |

# ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਜਿਨਿ, ਮਾਣਸ ਤੇ ਦੇਵਤੇ ਕੀਏ, ਕਰਤ, ਨ ਲਾਗੀ ਵਾਰ ॥੧॥ | | ੧. ਗੁਰੂ ਧੰਨ ਹੈ ਜੋ ਮਾਣਸਾਂ ਤੋਂ ਦੇਵਤੇ ਬਣਾ ਦਿੰਦਾ ਹੈ ਤੇ ਇਸ ਤਰਾਂ ਕਰਨ ਵਿਚ ਇਕ ਪਲ ਵੀ ਨਹੀਂ ਲਾਉਂਦਾ।<br>੨. 'ਕਰਤ' ਦੇ ਅਗੇ ਛੋਟਾ ਬਿਸ਼ਰਾਮ ਲਾਉਣਾ ਹੈ; 'ਕਰਤ ਨ' ਪਾਠ ਨਹੀਂ ਉਠਾਉਣਾ। |
| ਮਹਲਾ ੨ ॥ | ਮਹੱਲਾ | |
| ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ ॥ | ਉਗਵਹਿੰ, ਚੜਹਿੰ, ਹਜ਼ਾਰ | ਚਾਹੇ ਸੌ ਚੰਦ ਚੜ ਜਾਣ ਤੇ ਹਜ਼ਾਰਾਂ ਸੂਰਜ ਚੜ ਜਾਣ... |
| ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ ॥੨॥ | | ਇੰਨੇ ਚਾਨਣ ਦੇ ਹੁੰਦਿਆਂ ਵੀ ਗੁਰੂ ਤੋਂ ਬਿਨਾ (ਅਗਿਆਨਤਾ ਰੂਪੀ) ਘੁੱਪ ਹਨੇਰਾ ਰਹਿੰਦਾ ਹੈ। |
| ਮਃ ੧ ॥ | ਮਃ = ਮਹੱਲਾ | |
| ਨਾਨਕ, ਗੁਰੂ ਨ ਚੇਤਨੀ, ਮਨਿ ਆਪਣੈ ਸੁਚੇਤ ॥ | | |
| ਛੁਟੇ ਤਿਲ ਬੂਆੜ ਜਿਉ, ਸੁੰਞੇ ਅੰਦਰਿ ਖੇਤ ॥ | ਜਿਉਂ | 'ਸੁੰਞੇ' ਵਿਸ਼ੇਸ਼ਣ ਹੈ "ਬੂਆੜ" ਦਾ ਨਾ ਕਿ 'ਖੇਤ' ਦਾ ਤੇ ਅਰਥ ਹੈ - ਜਿਵੇਂ ਬੂਆੜ ਦੇ ਤਿਲ ਖੇਤ ਅੰਦਰ ਸੁੰਞੇ ਰਹਿ ਜਾਂਦੇ ਹਨ। ਅਰਥ ਇਹ ਨਹੀਂ ਕਿ ਬੂਆੜ ਤਿਲ ਸੁੰਞੇ ਖੇਤ ਅੰਦਰ ਰਹਿ ਜਾਂਦੇ ਹਨ। |
| ਖੇਤੈ ਅੰਦਰਿ ਛੁਟਿਆ, ਕਹੁ ਨਾਨਕ ਸਉ ਨਾਹ ॥ | ਛੁਟਿਆਂ | ੧. '"ਨਾਹ" ਦਾ ਅਰਥ ਇਥੇ ਖਸਮ ਹੈ। ਉਜਾੜ ਪਏ ਇਕਲੇ ਤਿਲ ਦੇ ਬੂਟੇ ਦਾ ਜਿਹੜਾ ਚਾਹੇ ਮਾਲਿਕ ਬਣ ਜਾਂਦਾ ਹੈ, ਇਸੇ ਤਰਾਂ ਨਿਗੁਰੇ ਜੀਵ ਦੇ ਵੀ ਕਈ ਮਾਲਿਕ ਹੁੰਦੇ ਹਨ। ਉਸ ਨੂੰ ਜਣੇ ਖਣੇ ਦੀ ਚਾਕਰੀ ਕਰਨੀ ਪੈਂਦੀ ਹੈ।<br>੨. 'ਸਉ ਨਾਹ' ਦਾ ਇਹ ਅਰਥ ਠੀਕ ਨਹੀਂ ਕਿ 'ਖਸਮ ਨਹੀਂ'। ਜੇਕਰ ਇਹ ਅਰਥ ਹੁੰਦਾ ਤਾਂ 'ਸਉ' ਦੀ ਥਾਂ ਤੇ 'ਸਹੁ' ਹੁੰਦਾ। ਖਸਮ ਦੇ ਅਰਥਾਂ ਵਿਚ ਸਦਾ 'ਸਹੁ' ਲਿਖਿਆ ਜਾਂਦਾ ਹੈ ਤੇ 'ਸਉ' ਦਾ ਅਰਥ ਸੌ ਹੀ ਠੀਕ ਹੈ। |
| ਫਲੀਅਹਿ ਫੁਲੀਅਹਿ ਬਪੁੜੇ, ਭੀ ਤਨ ਵਿਚਿ ਸੁਆਹ ॥੩॥ | ਫਲੀਅਹਿੰ, ਫੁਲੀਅਹਿੰ | |
| ਪਉੜੀ ॥ | | |
| ਆਪੀਨੈ੍ ਆਪੁ ਸਾਜਿਓ, ਆਪੀਨੈ੍ ਰਚਿਓ ਨਾਉ ॥ | ਨਾਂਉ | ਪਹਿਲਾਂ ਪਰਮਾਤਮਾ ਨੇ ਆਪੇ ਹੀ ਆਪਣੇ ਆਪ ਨੂੰ ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ ਅਸਥਾਪਤ ਕੀਤਾ ਤੇ ਆਪਣਾ ਨਾਮ ਉਜਾਗਰ ਕੀਤਾ। |
| ਦੁਯੀ, ਕੁਦਰਤਿ ਸਾਜੀਐ, ਕਰਿ ਆਸਣੁ, ਡਿਠੋ ਚਾਉ ॥ | | ੧. 'ਦੁਯੀ' ਤੇ ਰੁਕਣਾ ਵਾਜਬ ਹੈ ਕਿਉਂਕਿ ਨਹੀਂ ਤਾਂ 'ਦੁਯੀ' ਸ਼ਬਦ 'ਕੁਦਰਤਿ' ਦਾ ਵਿਸ਼ੇਸ਼ਣ ਬਣ ਜਾਵੇਗਾ ਤੇ ਅਰਥ ਬਣੇਗਾ ਦੂਸਰੀ ਕੁਦਰਤਿ ਜਦਕਿ 'ਦੁਯੀ' ਦਾ ਅਰਥ ਹੈ ਦੂਜੇ ਥਾਂ ਤੇ ਕੁਦਰਤਿ ਦੀ ਰਚਨਾ ਕੀਤੀ। |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ, ਕਰਹਿ ਪਸਾਉ ॥ | ਦੇਵਹਿਂ, ਕਰਹਿਂ | ਦੇਵਹਿਂ = ਦੇਂਦਾ ਹੈਂ, ਕਰਹਿਂ = ਕਰਦਾ ਹੈਂ - ਮਧਮ-ਪੁਰਖ ਕਿਰਿਆਵਾਂ। |
| ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ ॥ | ਲੈਸਹਿਂ | ਲੈਸਹਿ = ਲੈਂਦਾ ਹੈਂ - ਮਧਮ-ਪੁਰਖ ਕਿਰਿਆ। |
| ਕਰਿ ਆਸਣੁ, ਡਿਠੋ ਚਾਉ ॥੧॥ | | ਕਈ ਵਿਦਵਾਨ 'ਚਾਉ' ਦਾ ਅਰਥ 'ਚਾਉ ਨਾਲ' ਕਰਦੇ ਹਨ ਪਰ 'ਚਾਉ' ਦਾ ਅਰਥ 'ਚਾਉ ਨਾਲ' ਕਰਨੇ ਠੀਕ ਨਹੀਂ ਕਿਉਂਕਿ ਇਹ ਅਰਥ ਤਾਂ ਬਣਦੇ ਜੇਕਰ 'ਚਾਉ' ਦੀ ਥਾਂ 'ਚਾਇ' ਹੁੰਦਾ। ਇਥੇ ਚਾਉ ਦਾ ਅਰਥ ਤਮਾਸ਼ਾ ਜਾਂ ਖੇਲ ਹੀ ਠੀਕ ਜਾਪਦਾ ਹੈ। |
| ਹਰਿ ਪ੍ਰੇਮ ਬਾਣੀ ਮਨੁ ਮਾਰਿਆ, ਅਣੀਆਲੇ ਅਣੀਆ ਰਾਮ ਰਾਜੇ ॥ | | ਹਰੀ ਦੇ ਪ੍ਰੇਮ ਦੀ ਬਾਣੀ ਜਿਸਦੇ ਅਣੀਆ (ਤੀਰ) ਅਣੀਆਲੇ (ਤਿਖੇ) ਹਨ, ਨੇ ਮਨ ਮਾਰਿਆ ਹੈ। |
| ਜਿਸੁ ਲਾਗੀ ਪੀਰ ਪਿਰੰਮ ਕੀ, ਸੋ ਜਾਣੈ ਜਰੀਆ ॥ | | ਜਿਸ ਨੂੰ ਪਿਰੰਮ ਦੀ ਪੀਰ ਲਗੀ ਹੈ ਉਹ ਹੀ ਜਾਣਦਾ ਹੈ ਕਿਵੇਂ ਇਹ ਜਰੀ ਜਾਂਦੀ ਹੈ। |
| ਜੀਵਨ ਮੁਕਤਿ ਸੋ ਆਖੀਐ, ਮਰਿ ਜੀਵੈ ਮਰੀਆ ॥ | | ਜੀਵਨ ਮੁਕਤਿ ਉਸ ਮਰੀਆ (ਮਰਿਆ ਹੋਇਆ) ਨੂੰ ਕਹੋ ਜੋ ਮਰਿ ਕੇ ਜ਼ਿੰਦਾ ਹੋਇਆ ਹੋਵੇ। |
| ਜਨ ਨਾਨਕ, ਸਤਿਗੁਰੁ ਮੇਲਿ ਹਰਿ, ਜਗੁ ਦੁਤਰੁ ਤਰੀਆ ॥੨॥ | ਦੁਤੱਰ | ੧. ਦੁਤਰ ਦਾ ਅਰਥ ਹੈ ਜੋ ਤਰਨਾ ਅਉਖਾ ਹੋਵੇ; ਸੋ ਇਸ ਦਾ ਉਚਾਰਨ ਦੁਤੱਰ ਹੀ ਠੀਕ ਲਗਦਾ ਹੈ।<br>੨. ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹਰੀ ਨੇ ਸਤਿਗੁਰ ਮੇਲ ਕੇ ਦੁਤੱਰ ਜਗ ਤਰਾ ਦਿਤਾ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਸਚੇ ਤੇਰੇ ਖੰਡ, ਸਚੇ ਬ੍ਰਹਮੰਡ ॥ | | |
| ਸਚੇ ਤੇਰੇ ਲੋਅ, ਸਚੇ ਆਕਾਰ ॥ | | |
| ਸਚੇ ਤੇਰੇ ਕਰਣੇ, ਸਰਬ ਬੀਚਾਰ ॥ | | ਤੇਰੇ ਕਰਣੇ (ਕੰਮ) ਅਤੇ ਬੀਚਾਰ ਸਚੇ ਹਨ। ਇਥੇ 'ਸਚੇ' ਸ਼ਬਦ 'ਕਰਣੇ' ਅਤੇ 'ਬੀਚਾਰ' ਦੋਹਾਂ ਦਾ ਵਿਸ਼ੇਸ਼ਣ ਹੈ। |
| ਸਚਾ ਤੇਰਾ ਅਮਰੁ, ਸਚਾ ਦੀਬਾਣੁ ॥ | | 'ਅਮਰ' ਦਾ ਅਰਥ ਹੈ ਹੁਕਮ ਤੇ 'ਦੀਬਾਣ' ਦਾ ਅਰਥ ਹੈ ਦਰਬਾਰ। ਅਕਸਰ 'ਅਮਰ' ਦਾ ਅਰਥ ਹੁੰਦਾ ਹੈ ਮੌਤ ਤੋਂ ਰਹਿਤ ਪਰ ਗੁਰਬਾਣੀ ਵਿਚ ਹੁਕਮ ਦੇ ਅਰਥਾਂ ਵਿਚ ਵੀ ਇਹ ਲਫਜ਼ ਬਹੁਤ ਵਾਰੀ ਆਇਆ ਹੈ। |
| ਸਚਾ ਤੇਰਾ ਹੁਕਮੁ, ਸਚਾ ਫੁਰਮਾਣੁ ॥ | | |
| ਸਚਾ ਤੇਰਾ ਕਰਮੁ, ਸਚਾ ਨੀਸਾਣੁ ॥ | ਨੀਸ਼ਾਣ | ਕਰਮੁ ਦਾ ਭਾਵ ਇਥੇ ਫਜ਼ਲ, ਕਿਰਪਾ ਹੈ ਨਾ ਕਿ ਕੰਮ। ਇਸ ਸ਼ਬਦ ਦਾ ਪਿਛੋਕੜ ਫ਼ਾਰਸੀ ਹੈ। ਦੇਸ ਭਾਸ਼ਾ ਵਿਚ 'ਕਰਮ' ਦਾ ਅਰਥ ਕੰਮ ਹੁੰਦਾ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਸਚੇ, ਤੁਧੁ ਆਖਹਿ ਲਖ ਕਰੋੜਿ ॥ | ਆਖਹਿਂ | ਜੋ ਲਖਾਂ ਕਰੋੜਾਂ ਤੈਨੂੰ ਆਖਦੇ ਹਨ ਭਾਵ ਸਲਾਹੁੰਦੇ ਹਨ, ਉਹ ਸਚੇ ਹਨ। |
| ਸਚੈ ਸਭਿ ਤਾਣਿ, ਸਚੈ ਸਭਿ ਜੋਰਿ ॥ | ਜ਼ੋਰਿ | ਪੰਕਤੀ ਦਾ ਅਨਵੈ: ਸਚੈ ਤਾਣਿ ਸਭਿ, ਸਚੈ ਜੋਰਿ ਸਭਿ – ਭਾਵ ਸਭ ਸਚੇ ਦੇ ਤਾਣ ਅਤੇ ਜ਼ੋਰ ਅਧੀਨ ਹਨ। |
| ਸਚੀ ਤੇਰੀ ਸਿਫਤਿ, ਸਚੀ ਸਾਲਾਹ ॥ | | |
| ਸਚੀ ਤੇਰੀ ਕੁਦਰਤਿ, ਸਚੇ ਪਾਤਿਸਾਹ ॥ | ਪਾਤਿਸ਼ਾਹ | ਹੇ ਸਚੇ ਪਾਤਿਸ਼ਾਹ, ਤੇਰੀ ਕੁਦਰਤਿ ਭਾਵ ਤੇਰੀ ਸ਼ਕਤੀ ਸਚੀ ਹੈ। |
| ਨਾਨਕ, ਸਚੁ, ਧਿਆਇਨਿ ਸਚੁ ॥ | | ਉਹ ਆਪਿ ਸੱਚੁ ਹੈ ਤੇ ਜੋ ਉਸਨੂੰ ਧਿਆਇੰਦੇ ਹਨ ਉਹ ਵੀ ਸਚ ਹੋ ਜਾਂਦੇ ਹਨ। |
| ਜੋ ਮਰਿ ਜੰਮੇ, ਸੁ ਕਚੁ ਨਿਕਚੁ ॥੧॥ | | ੧. ਜੋ ਮਰਦੇ ਤੇ ਜੰਮਦੇ ਹਨ ਉਹ ਨਿਰੋਲ ਕੱਚੇ ਹਨ।<br>੨. ਕਈ ਸੰਪਰਦਾਈ ਵਿਦਵਾਨ 'ਕਚੁਨਿ ਕਚੁ' ਪਾਠ ਉਠਾਉਂਦੇ ਹਨ ਜੋ ਕਿ ਠੀਕ ਨਹੀਂ ਜਾਪਦਾ ਕਿਉਂਕਿ 'ਕਚੁ' ਦੇ ਅਖੀਰ ਵਿਚ ਔਂਕੜ ਹੈ ਜੋ ਕਿ 'ਨਿ' ਨਾਲ ਸੰਧੀ ਹੋਣ ਤੋਂ ਰੋਕਦਾ ਹੈ। |
| ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ 'ਜਾ' ਦਾ ਅਰਥ 'ਕਿਉਕਿ' ਸਹੀ ਪ੍ਰਤੀਤ ਹੁੰਦਾ ਹੈ। |
| ਵਡੀ ਵਡਿਆਈ, ਜਾ ਵਡਾ ਨਾਉ ॥ | ਜਾਂ, ਨਾਂਉ | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਸਦਾ ਨਾਉਂ ਵਡਾ ਹੈ। |
| ਵਡੀ ਵਡਿਆਈ, ਜਾ ਸਚੁ ਨਿਆਉ ॥ | ਜਾਂ | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਸਦਾ ਨਿਆਉਂ ਸਚ ਹੈ। |
| ਵਡੀ ਵਡਿਆਈ, ਜਾ ਨਿਹਚਲ ਥਾਉ ॥ | ਜਾਂ, ਥਾਉ | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਸਦਾ ਥਾਂਉ ਠਿਕਾਣਾ ਸਚ ਹੈ ਭਾਵ ਸਚਖੰਡ ਸਚ ਹੈ, ਨਿਹਚਲ ਹੈ, ਕਦੇ ਨਾ ਨਾਸ਼ ਹੋਣ ਵਾਲਾ ਹੈ। |
| ਵਡੀ ਵਡਿਆਈ, ਜਾਣੈ ਆਲਾਉ ॥ | | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਹ ਜੀਵਾਂ ਦੇ ਕਥਨ ਜਾਂ ਬੋਲਾਂ ਨੂੰ ਜਾਣਦਾ ਹੈ। |
| ਵਡੀ ਵਡਿਆਈ, ਬੁਝੈ ਸਭਿ ਭਾਉ ॥ | | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਹ ਸਭਨਾਂ ਦਾ ਪਿਆਰ (ਅੰਦਰਲਾ ਪਿਆਰ) ਜਾਣਦਾ ਹੈ। |
| ਵਡੀ ਵਡਿਆਈ, ਜਾ ਪੁਛਿ ਨ ਦਾਤਿ ॥ | ਜਾਂ | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਹ ਕਿਸੇ ਨਾਲ ਸਾਲਾਹ ਕਰਕੇ ਦਾਤਿ ਨਹੀਂ ਦਿੰਦਾ। |
| ਵਡੀ ਵਡਿਆਈ, ਜਾ ਆਪੇ ਆਪਿ ॥ | ਜਾਂ | ਉਸ ਦੀ ਵਡੀ ਵਡਿਆਈ ਹੈ ਕਿਉਂਕਿ ਉਹ ਆਪੇ ਆਪ ਹੈ ਭਾਵ ਕਿਸੇ ਦਾ ਪੈਦਾ ਕੀਤਾ ਹੋਇਆ ਨਹੀਂ ਹੈ। |
| ਨਾਨਕ, ਕਾਰ ਨ ਕਥਨੀ ਜਾਇ ॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਸ ਦੀ ਕਾਰ (ਕੰਮ) ਕਥੀ ਨਹੀਂ ਜਾ ਸਕਦੀ। |
| ਕੀਤਾ ਕਰਣਾ ਸਰਬ, ਰਜਾਇ ॥੨॥ | ਰਜ਼ਾਇ | ੧. 'ਸਰਬ' ਇਥੇ ਦੇਹਲੀ ਦੀਪਕ ਹੈ – ਸਰਬ ਕੀਤਾ ਅਤੇ ਸਰਬ ਕਰਣਾ। ੨. ਅਰਥ ਹੈ ਜੋ ਸਰਬ ਕੀਤਾ ਹੈ ਤੇ ਜੋ ਸਰਬ ਕਰਣਾ ਹੈ ਉਹ ਉਸ ਦੀ ਰਜ਼ਾ ਅਨੁਸਾਰ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਮਹਲਾ ੨ ॥ | ਮਹੱਲਾ | |
| ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ ॥ | | ਇਸ ਪੰਕਤੀ ਵਿਚ 'ਸਚੈ' ਨੂੰ ਦੁਲਾਵਾਂ ਛਾਪੇ ਦੀ ਗਲਤੀ ਕਰਕੇ ਲਗੀਆਂ ਜਾਪਦੀਆਂ ਹਨ। ਜਦ ਸੰਬਧਕ 'ਕੀ' ਪਰਗਟ ਤੌਰ ਤੇ ਹਾਜ਼ਰ ਹੈ ਤਾਂ ਦੁਲਾਵਾਂ ਦੀ ਲੋੜ ਨਹੀਂ ਲਗਦੀ। ਦੇਖੋ ਇਸੇ ਪੰਕਤੀ ਵਿਚ 'ਸਚੇ' ਇਕ ਲਾਂਵ ਨਾਲ ਵੀ ਆਉਂਦਾ ਹੈ ਜਦਕਿ 'ਸਚੈ' ਅਤੇ 'ਸਚੇ' ਦੀ ਵਿਆਕਰਣਕ ਬਿਵਸਥਾ ਦੋਹੀਂ ਥਾਂਈਂ ਇਕੋ ਜੇਹੀ ਹੈ। ਅਨੇਕਾਂ ਪੁਰਾਤਨ ਸਰੂਪਾਂ ਵਿਚ ਸ਼ੁਧ ਪਾਠ 'ਸਚੇ' ਹੀ ਹੈ। |
| ਇਕਨ੍ਹਾ ਹੁਕਮਿ ਸਮਾਇ ਲਏ, ਇਕਨ੍ਹਾ ਹੁਕਮੇ ਕਰੇ ਵਿਣਾਸੁ ॥ | 'ਇਕਨ੍ਹਾਂ, ਵਿਣਾਸ਼ | |
| ਇਕਨ੍ਹਾ ਭਾਣੈ ਕਢਿ ਲਏ, ਇਕਨ੍ਹਾ ਮਾਇਆ ਵਿਚਿ ਨਿਵਾਸੁ ॥ | ਇਕਨ੍ਹਾਂ, ਇਕਨ੍ਹਾਂ | |
| ਏਵ ਭਿ ਆਖਿ ਨ ਜਾਪਈ, ਜਿ ਕਿਸੈ ਆਣੇ ਰਾਸਿ ॥ | | ਇਹ ਵੀ ਕਿਹਾ ਨਹੀਂ ਜਾ ਸਕਦਾ ਕਿ ਉਹ ਕਿਸ ਨੂੰ ਰਾਹੇ ਰਾਸਿ (ਸਹੀ ਰਸਤੇ) ਤੇ ਲੈ ਆਉਂਦਾ ਹੈ। |
| ਨਾਨਕ, ਗੁਰਮੁਖਿ ਜਾਣੀਐ, ਜਾ ਕਉ ਆਪਿ ਕਰੇ ਪਰਗਾਸੁ ॥੩॥ | ਪਰਗਾਸ਼ੁ | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਗੁਰੂ ਦੀ ਰਾਹੀਂ ਜਾਣ ਸਕੀਦਾ ਹੈ ਜਿਸ ਨੂੰ ਉਹ ਆਪ ਪ੍ਰਕਾਸ਼ ਕਰੇ ਭਾਵ ਸੋਝੀ ਬਖਸ਼ੇ। ਇਥੇ 'ਗੁਰਮੁਖਿ' ਪਦ ਦਾ ਅਰਥ ਹੈ ਗੁਰੂ ਦੀ ਰਾਹੀਂ। |
| ਪਉੜੀ ॥ | | ੧. ਇਸ ਪਉੜੀ ਦੀ ਵਿਚਾਰ ਤੋਂ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਮਰਨ ਉਪਰੰਤ ਅਗੇ ਦਰਗਾਹ ਵਿਖੇ ਜੀਵਾਂ ਦੇ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ ਤੇ ਸਜ਼ਾ ਦੇ ਹੱਕਦਾਰਾਂ ਨੂੰ ਸਜ਼ਾਵਾਂ ਮਿਲਦੀਆਂ ਹਨ।<br>੨. ਇਸ ਪੰਕਤੀ ਵਿਚੋਂ ਧਰਮਰਾਇ ਦੀ ਹੋਂਦ ਬਾਰੇ ਪੂਰਾ ਸਬੂਤ ਮਿਲਦਾ ਹੈ। ਸਾਫ ਲਿਖਿਆ ਹੈ ਕਿ ਜੀਵਾਂ ਦਾ ਲੇਖਾ ਜੋਖਾ ਕਰਨ ਲਈ ਧਰਮ ਬਹਾਲਿਆ ਗਿਆ ਹੈ। |
| ਨਾਨਕ, ਜੀਅ ਉਪਾਇ ਕੈ, ਲਿਖਿ ਨਾਵੈ, ਧਰਮੁ ਬਹਾਲਿਆ ॥ | ਨਾਂਵੈ | ੧. ''ਨਾਵੈ' ਦਾ ਅਰਥ ਇਥੇ ਲੇਖਾ ਹੈ ਨਾ ਕਿ ਨਾਮ।<br>੨. ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੀਵਾਂ ਨੂੰ ਪੈਦਾ ਕਰਕੇ, ਫੇਰ ਉਹਨਾਂ ਦਾ ਲੇਖਾ ਲਿਖਣ ਲਈ ਅਕਾਲ ਪੁਰਖ ਨੇ ਧਰਮ ਰਾਜੇ ਨੂੰ ਥਾਪਿਆ ਹੈ। |
| ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ ॥ | ਜਜ਼ਮਾਲਿਆ | ੧. ਜਜਮਾਲਿਆ ਸ਼ਬਦ ਦਾ ਮੂਲ ਹੈ ਫਾਰਸੀ ਸ਼ਬਦ ਜਜ਼ਾਮਵਾਲੇ ਭਾਵ ਕੁਸ਼ਟੀ ਲੋਕ ਜਿਹਨਾਂ ਤੋਂ ਹੋਰਨਾਂ ਨੂੰ ਰੋਗ ਲਗਣ ਦਾ ਡਰ ਹੋਵੇ। ਐਸੇ ਲੋਕਾਂ ਨੂੰ ਅਲਗ ਰਖਿਆ ਜਾਂਦਾ ਸੀ ਤਾਂ ਕਿ ਰੋਗ ਫੈਲੇ ਨਾ।<br>੨. ਉਥੇ ਜਜ਼ਮਾਲੇ (ਮੰਦੇ ਜੀਵ, ਪਾਪ ਰੂਪੀ ਰੋਗ ਦੇ ਗ੍ਰਸੇ ਹੋਏ) ਵਖ ਕਢੇ ਜਾਂਦੇ ਹਨ, ਸਜ਼ਾ ਦੇਣ ਲਈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਥਾਉ ਨ ਪਾਇਨਿ ਕੂੜਿਆਰ, ਮੁਹ ਕਾਲ੍ਹੈ ਦੋਜਕਿ ਚਾਲਿਆ ॥ | ਥਾਉਂ, ਮੂੰਹ, ਦੋਜ਼ਕਿ | ਝੂਠੇ ਲੋਕ ਉਥੇ ਥਾਂ ਨਹੀਂ ਪਾਉਂਦੇ ਤੇ ਉਹਨਾਂ ਦੇ ਮੂੰਹ ਕਾਲੇ ਕਰਕੇ ਨਰਕ (ਦੋਜ਼ਕਿ) ਵਿਖੇ ਲਿਜਾਇਆ ਜਾਂਦਾ ਹੈ। 'ਦੋਜਕਿ' ਦੇ ਛੇਕੜਲੀ ਸਿਹਾਰੀ 'ਵਿਖੇ' ਦਾ ਭਾਵ ਦਿੰਦੀ ਹੈ। |
| ਤੇਰੈ ਨਾਇ ਰਤੇ ਸੇ ਜਿਣਿ ਗਏ, ਹਾਰਿ ਗਏ ਸਿ ਠਗਣਵਾਲਿਆ ॥ | ਨਾਂਇ, ਰੱਤੇ, | ਹੇ ਪਰਮਾਤਮਾ, ਜੋ ਤੇਰੇ ਨਾਮ ਵਿਚ ਰੰਗੇ ਹੋਏ ਹਨ ਉਹ ਜਿੱਤ ਜਾਂਦੇ ਹਨ ਤੇ ਠਗਣਵਾਲੇ ਲੋਕ (ਠਗੀਆਂ ਮਾਰਨਵਾਲੇ ਪਾਪੀ) ਹਾਰ ਜਾਂਦੇ ਹਨ। |
| ਲਿਖਿ ਨਾਵੈ, ਧਰਮੁ ਬਹਾਲਿਆ ॥੨॥ | ਨਾਂਵੈ | ਨਾਵੈ' ਦਾ ਅਰਥ ਇਥੇ ਲੇਖਾ ਹੈ ਨਾ ਕਿ ਨਾਮ। |
| ਹਮ ਮੂਰਖ ਮੁਗਧ ਸਰਣਾਗਤੀ, ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥ | ਸ਼ਰਣਾਗਤੀ | ਅਸੀਂ ਮੂਰਖ ਮੁਗਧ ਤੇਰੀ ਸ਼ਰਨ ਵਿਚ ਹਾਂ, ਸਾਨੂੰ ਮਿਲ ਹੇ ਰੰਗੀਲੇ ਗੋਵਿੰਦ। |
| ਗੁਰਿ ਪੂਰੈ, ਹਰਿ ਪਾਇਆ, ਹਰਿ ਭਗਤਿ ਇਕ ਮੰਗਾ ॥ | ਮੰਗਾਂ | ਪੂਰੇ ਗੁਰੂ ਤੋਂ ਹਰੀ ਪਾਇਆ ਜਾਂਦਾ ਹੈ ਤਾਂ ਤੇ ਮੈਂ ਗੁਰੂ ਤੋਂ ਕੇਵਲ ਹਰੀ ਦੀ ਭਗਤੀ ਹੀ ਮੰਗਦਾ ਹਾਂ। |
| ਮੇਰਾ ਮਨੁ ਤਨੁ ਸਬਦਿ ਵਿਗਾਸਿਆ, ਜਪਿ ਅਨਤ ਤਰੰਗਾ ॥ | ਸ਼ਬਦਿ, ਅਨੰਤ | ੧. "ਅਨਤ ਤਰੰਗਾ" ਦਾ ਭਾਵ ਹੈ ਅਨੰਤ (ਬੇਅੰਤ) ਤਰੰਗਾਂ ਵਾਲਾ ਵਾਹਿਗੁਰੂ।<br>੨. ਅਨੰਤ ਤਰੰਗਾਂ ਵਾਲੇ ਪਰਮਾਤਮਾ ਦੇ ਅਨੰਤ ਤਰੰਗੀ ਨਾਮ ਨੂੰ ਜਪ ਕੇ ਮੇਰਾ ਮਨ ਤੇ ਤਨ ਖਿੜ ਗਿਆ ਹੈ। |
| ਮਿਲਿ ਸੰਤ ਜਨਾ, ਹਰਿ ਪਾਇਆ, ਨਾਨਕ ਸਤਸੰਗਾ ॥੩॥ | ਜਨਾਂ | ਸਤ ਸੰਗਤ ਵਿਖੇ ਸੰਤ ਜਨਾਂ ਨੂੰ ਮਿਲ ਕੇ ਮੈਂ ਹਰੀ ਨੂੰ ਪਾ ਲਿਆ ਹੈ। |
| ਸਲੋਕ ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਸਤਿਗੁਰੂ ਜੀ ਪਰਮਾਤਮਾ ਦੀ ਰਚਨਾ ਜਾਂ ਕੁਦਰਤਿ ਦੇ ਅਦਭੁਤ ਪਹਿਲੂਆਂ ਬਾਰੇ ਦਸਦੇ ਹਨ। ਵਿਸਮਾਦੀ ਵਾਹਿਗੁਰੂ ਦੀ ਰਚਨਾ ਵੀ ਵਿਸਮਾਦੀ ਹੀ ਹੈ, ਜੇਕਰ ਵਿਚਾਰਿਆ ਜਾਵੇ ਤਾਂ। |
| ਵਿਸਮਾਦੁ ਨਾਦ, ਵਿਸਮਾਦੁ ਵੇਦ ॥ | | |
| ਵਿਸਮਾਦੁ ਜੀਅ, ਵਿਸਮਾਦੁ ਭੇਦ ॥ | | |
| ਵਿਸਮਾਦੁ ਰੂਪ, ਵਿਸਮਾਦੁ ਰੰਗ ॥ | | |
| ਵਿਸਮਾਦੁ, ਨਾਗੇ ਫਿਰਹਿ ਜੰਤ ॥ | ਨਾਂਗੇ, ਫਿਰਹਿਂ | |
| ਵਿਸਮਾਦੁ ਪਉਣੁ, ਵਿਸਮਾਦੁ ਪਾਣੀ ॥ | | |
| ਵਿਸਮਾਦੁ, ਅਗਨੀ ਖੇਡਹਿ ਵਿਡਾਣੀ ॥ | ਖੇਡਹਿਂ | ਇਥੇ 'ਅਗਨੀ' ਸ਼ਬਦ ਬਹੁਵਚਨ ਹੈ। ਅਗਨੀਆਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ। |
| ਵਿਸਮਾਦੁ ਧਰਤੀ, ਵਿਸਮਾਦੁ ਖਾਣੀ ॥ | | |
| ਵਿਸਮਾਦੁ, ਸਾਦਿ ਲਗਹਿ ਪਰਾਣੀ ॥ | ਲਗਹਿਂ | ਇਹ ਵਿਸਮਾਦਮਈ ਗਲ ਹੈ ਕਿ ਜੀਵਾਂ ਨੂੰ ਸੁਆਦ ਪਰਤੀਤ ਹੁੰਦੇ ਹਨ। |
| ਵਿਸਮਾਦੁ ਸੰਜੋਗੁ, ਵਿਸਮਾਦੁ ਵਿਜੋਗੁ ॥ | | ਜੀਵਾਂ ਦਾ ਮਿਲਣਾ ਤੇ ਵਿਛੁੜਨਾ ਵੀ ਵਿਸਮਾਦ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਵਿਸਮਾਦੁ ਭੁਖ, ਵਿਸਮਾਦੁ ਭੋਗੁ ॥ | | ਭੁਖ ਲਗਣੀ ਤੇ ਫੇਰ ਖਾਣਾ ਦੋਵੇਂ ਗੱਲਾਂ ਵਿਸਮਾਦ ਹਨ। ਵਿਸਮਾਦ ਇਸ ਕਰਕੇ ਹੈ ਕਿ ਜੀਵ ਦਾ ਅਸਲ ਆਤਮਾ ਹੈ ਜਿਸ ਨੂੰ ਕੋਈ ਦੁਖ ਭੁਖ ਜਾਂ ਭੋਗ ਰੋਗ ਸੋਗ ਨਹੀਂ। ਜੀਵ ਸਰੀਰ ਨਹੀਂ ਹੈ ਪਰ ਫਿਰ ਵੀ ਸਰੀਰ ਦੀ ਭੁਖ ਉਸ ਨੂੰ ਪਰਤੀਤ ਹੁੰਦੀ ਹੈ ਤੇ ਸਰੀਰ ਵਿਚ ਖਾਣਾ ਪਾਉਣ ਨਾਲ ਜੀਵ ਦੀ ਭੁਖ ਮਿਟ ਜਾਂਦੀ ਹੈ। ਇਹ ਸਭ ਵਿਸਮਾਦ ਹੀ ਹੈ। |
| ਵਿਸਮਾਦੁ ਸਿਫਤਿ, ਵਿਸਮਾਦੁ ਸਾਲਾਹ ॥ | | ਵਾਹਿਗੁਰੂ ਦੀ ਸਿਫਤਿ ਸਾਲਾਹ ਵਿਸਮਾਦ ਉਪਜਾਊ ਹੈ। |
| ਵਿਸਮਾਦੁ ਉਝੜ, ਵਿਸਮਾਦੁ ਰਾਹ ॥ | | |
| ਵਿਸਮਾਦੁ ਨੇੜੈ, ਵਿਸਮਾਦੁ ਦੂਰਿ ॥ | | |
| ਵਿਸਮਾਦੁ, ਦੇਖੈ ਹਾਜਰਾ ਹਜੂਰਿ ॥ | ਹਾਜ਼ਰਾ ਹਜ਼ੂਰਿ | |
| ਵੇਖਿ ਵਿਡਾਣੁ, ਰਹਿਆ ਵਿਸਮਾਦੁ ॥ | | |
| ਨਾਨਕ, ਬੁਝਣੁ ਪੂਰੈ ਭਾਗਿ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੀ ਤੇ ਕੁਦਰਤਿ ਦੀ ਸੋਝੀ ਪੂਰੇ ਭਾਗ ਕਰਕੇ ਆਉਂਦੀ ਹੈ। |
| ਮਃ ੧ ॥ | ਮਃ = ਮਹੱਲਾ | ਕੁਦਰਤਿ ਦਾ ਭਾਵ ਹੈ ਅਕਾਲ ਪੁਰਖ ਦੀ ਰਚਨਾ। ਤ੍ਰੈਗੁਣੀ ਮਾਇਆ ਵੀ ਕੁਦਰਤਿ ਹੈ। ਜੋ ਕੁਝ ਵੀ ਦਿਸ ਰਿਹਾ ਹੈ ਉਹ ਸਭ ਕਾਦਰ ਵਾਹਿਗੁਰੂ ਦੀ ਕੁਦਰਤਿ ਦਾ ਹਿੱਸਾ ਹੈ। ਨੋਟ ਕਰੋ ਕਿ ਬੇਦ, ਪੁਰਾਨ, ਨੇਕੀਆਂ, ਬਦੀਆਂ ਸਭ ਕੁਝ ਕੁਦਰਤਿ ਵਿਚ ਮਹਿਦੂਦ ਹਨ ਪਰ ਨਾਮ ਗੁਰਬਾਣੀ ਤ੍ਰੈਗੁਣੀ ਮਾਇਆ ਤੋਂ ਅਪਰੰਪਰ ਹਨ। ਨਾਮ ਬਾਣੀ ਨਾਲ ਜੁੜ ਕੇ ਹੀ ਜੀਵ ਕੁਦਰਤਿ ਤੋਂ ਉਪਰ ਉਠ ਸਕਦਾ ਹੈ। |
| ਕੁਦਰਤਿ ਦਿਸੈ, ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ ॥ | | |
| ਕੁਦਰਤਿ ਪਾਤਾਲੀ ਆਕਾਸੀ, ਕੁਦਰਤਿ ਸਰਬ ਆਕਾਰੁ ॥ | ਪਾਤਾਲੀਂ, ਆਕਾਸ਼ੀਂ | |
| ਕੁਦਰਤਿ ਵੇਦ ਪੁਰਾਣ ਕਤੇਬਾ, ਕੁਦਰਤਿ ਸਰਬ ਵੀਚਾਰੁ ॥ | ਕਤੇਬਾਂ | |
| ਕੁਦਰਤਿ ਖਾਣਾ ਪੀਣਾ ਪੈਨ੍ਣੁ, ਕੁਦਰਤਿ ਸਰਬ ਪਿਆਰੁ ॥ | | |
| ਕੁਦਰਤਿ ਜਾਤੀ ਜਿਨਸੀ ਰੰਗੀ, ਕੁਦਰਤਿ ਜੀਅ ਜਹਾਨ ॥ | ਜਾਤੀਂ, ਜਿਨਸੀਂ, ਰੰਗੀਂ | |
| ਕੁਦਰਤਿ ਨੇਕੀਆ, ਕੁਦਰਤਿ ਬਦੀਆ, ਕੁਦਰਤਿ ਮਾਨੁ ਅਭਿਮਾਨੁ ॥ | ਨੇਕੀਆਂ, ਬਦੀਆਂ | |
| ਕੁਦਰਤਿ ਪਉਣੁ ਪਾਣੀ ਬੈਸੰਤਰੁ, ਕੁਦਰਤਿ ਧਰਤੀ ਖਾਕੁ ॥ | | |
| ਸਭ ਤੇਰੀ ਕੁਦਰਤਿ, ਤੂੰ ਕਾਦਿਰੁ ਕਰਤਾ, ਪਾਕੀ ਨਾਈ, ਪਾਕੁ ॥ | | ਸਭ ਤੇਰੀ ਕੁਦਰਤਿ ਹੈ ਤੇ ਤੂੰ ਇਸ ਦਾ ਸਿਰਜਣਹਾਰ ਕਾਦਿਰ ਹੈਂ, ਤੂੰ ਪਾਕ (ਪਵਿਤਰ) ਹੈਂ ਤੇ ਤੂੰ ਪਾਕ ਸਿਫਤਿ ਸਾਲਾਹ ਵਾਲੇ ਨਾਮ ਵਾਲਾ ਹੈਂ। ਪਾਕੀ ਨਾਈ ਦਾ ਅਰਥ ਹੈ ਪਾਕ ਸਿਫਤਿ ਸਾਲਾਹ ਨਾਲ ਭਰਪੂਰ ਨਾਮ ਵਾਲਾ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਨਾਨਕ, ਹੁਕਮੈ ਅੰਦਰਿ ਵੇਖੈ, ਵਰਤੈ ਤਾਕੋ ਤਾਕੁ ॥੨॥ | | ੧. ਤਾਕੋ ਤਾਕੁ ਦਾ ਅਰਥ ਹੈ ਇਕੋ ਇਕ। ਉਹ ਇਕੱਲਾ ਇਕੋ ਇਕ ਵਰਤਦਾ ਹੈ; ਭਾਵ ਉਸਦਾ ਕੋਈ ਸਾਨੀ ਨਹੀਂ ਹੈ।<br>੨. 'ਤਾਕੋ ਤਾਕੁ' ਦਾ ਉਚਾਰਨ ਨਾਸਕੀ 'ਤਾਂਕੋ ਤਾਂਕੁ' ਕਰਨਾ ਦਰੁਸਤ ਨਹੀਂ ਹੈ। |
| ਪਉੜੀ ॥ | | |
| ਆਪੀਨ੍ਹੈ ਭੋਗ ਭੋਗਿ ਕੈ, ਹੋਇ ਭਸਮੜਿ, ਭਉਰੁ ਸਿਧਾਇਆ ॥ | | ਆਪੇ ਹੀ ਸਰੀਰ ਰਾਹੀਂ ਅਨਿਕ ਭੋਗ ਭੋਗ ਕੇ, ਸਰੀਰ ਨੂੰ ਭਸਮ ਦੀ ਢੇਰੀ ਬਣਾ ਕੇ, ਭਉਰ ਭਾਵ ਜੀਵ-ਆਤਮਾ ਇਥੋਂ ਸਿਧਾਰ ਜਾਂਦਾ ਹੈ। 'ਆਪੀਨੈ' ਕਰਤਾਰ ਵਾਸਤੇ ਨਹੀਂ ਬਲਕਿ ਭਉਰ ਵਾਸਤੇ ਹੈ। |
| ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ, ਚਲਾਇਆ ॥ | | ੧. 'ਵਡਾ' ਦਾ ਅਰਥ ਹੈ ਮਰਿਆ ਹੋਇਆ।<br>੨. ਜਦੋਂ ਦੁਨੀਆਦਾਰ ਮਰ ਜਾਂਦਾ ਹੈ ਤਾਂ ਉਸਦੇ ਗਲ ਵਿਚ ਸੰਗਲ ਪਾਕੇ, ਉਸਨੂੰ ਅੱਗੇ ਦਰਗਾਹ ਵੱਲ ਚਲਾਇਆ ਜਾਂਦਾ ਹੈ। |
| ਅਗੈ ਕਰਣੀ ਕੀਰਤਿ ਵਾਚੀਐ, ਬਹਿ, ਲੇਖਾ ਕਰਿ ਸਮਝਾਇਆ ॥ | | ਉਥੇ ਦਰਗਾਹ ਵਿਖੇ ਜੀਵ ਦੀ ਕਰਣੀ ਤੇ ਭਗਤੀ ਵਾਚੀ (ਵਿਚਾਰੀ) ਜਾਂਦੀ ਹੈ ਤੇ ਕਰਮਾਂ ਦਾ ਲੇਖਾ ਜੋਖਾ ਚੰਗੀ ਤਰਾਂ ਜੀਵ ਨੂੰ ਸਮਝਾ ਦਿਤਾ ਜਾਂਦਾ ਹੈ। |
| ਥਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ ਰੂਆਇਆ ॥ | ਥਾਉਂ, ਪਉਦੀਈਂ | ਮਾੜੇ ਕਰਮਾਂ ਕਰਕੇ ਜਦੋਂ ਜੁਤੀਆਂ ਪੈਂਦੀਆਂ ਹਨ ਤਾਂ ਪੈਂਦੀਆਂ ਜੁਤੀਆਂ ਵੇਲੇ ਲੁਕਣ ਨੂੰ ਕੋਈ ਥਾਂ ਨਹੀਂ ਲਭਦੀ ਤੇ ਫੇਰ ਕੌਣ ਜੀਵ ਦਾ ਰੋਣਾ ਸੁਣਦਾ ਹੈ ਭਾਵ ਕੋਈ ਨਹੀਂ ਸੁਣਦਾ। |
| ਮਨਿ ਅੰਧੈ, ਜਨਮੁ ਗਵਾਇਆ ॥੩॥ | | ਫੇਰ ਪਤਾ ਲਗਦਾ ਹੈ ਕਿ ਅੰਨੇ ਮਨ ਨੇ ਆਪਣਾ ਜਨਮ ਅਜਾਂਈਂ ਹੀ ਗਵਾ ਲਿਆ ਹੈ। |
| ਦੀਨ ਦਇਆਲ, ਸੁਣਿ ਬੇਨਤੀ, ਹਰਿ ਪ੍ਰਭ, ਹਰਿ ਰਾਇਆ, ਰਾਮ ਰਾਜੇ ॥ | | ਹੇ ਦੀਨ ਦਇਆਲ, ਹਰਿ ਪ੍ਰਭ, ਹਰਿ ਰਾਇਆ, ਬੇਨਤੀ ਸੁਣ... |
| ਹਉ ਮਾਗਉ, ਸਰਣਿ ਹਰਿ ਨਾਮ ਕੀ, ਹਰਿ ਹਰਿ ਮੁਖਿ ਪਾਇਆ ॥ | ਹਉਂ, ਮਾਂਗਉਂ, ਸ਼ਰਣਿ | ਮੈਂ ਹਰਿਨਾਮ ਦੀ ਸ਼ਰਨ ਮੰਗਦਾ ਹਾਂ, ਮੇਰੇ ਮੁਖ ਵਿਚ ਨਾਮ (ਹਰਿ ਹਰਿ) ਪਾ। |
| ਭਗਤਿਵਛਲੁ ਹਰਿ ਬਿਰਦੁ ਹੈ, ਹਰਿ ਲਾਜ ਰਖਾਇਆ ॥ | | ਹੇ ਹਰੀ, ਭਗਤੀ ਤੇ ਰੀਝਣਾ, ਇਹ ਤੇਰਾ ਸੁਭਾ ਹੈ, ਸੋ ਸਾਡੀ ਲਾਜ ਰੱਖ। |
| ਜਨੁ ਨਾਨਕੁ ਸਰਣਾਗਤੀ, ਹਰਿ ਨਾਮਿ ਤਰਾਇਆ ॥੪॥੮॥੧੫॥ | ਸ਼ਰਣਾਗਤੀ | ਦਾਸ ਨਾਨਕ ਤੇਰੀ ਸ਼ਰਨ ਵਿਚ ਹੈ, ਹਰਿ ਨਾਮ ਰਾਹੀਂ ਤਰਾ ਮੈਨੂੰ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਸਲੋਕ ਮਃ ੧ ॥ | ਮਃ = ਮਹੱਲਾ | ੧. ਪਰਮਾਤਮਾ ਦੇ ਭੈ ਵਿਚ ਚਲਣ ਦਾ ਭਾਵ ਹੈ ਪਰਮਾਤਮਾ ਦੇ ਨਿਯਮ ਜਾਂ ਹੁਕਮ ਵਿਚ ਚਲਣਾ।<br>੨. ਇਸ ਸਲੋਕ ਤੋਂ ਪਤਾ ਚਲਦਾ ਹੈ ਕਿ ਹਵਾ, ਦਰਿਆ, ਅੱਗ, ਧਰਤੀ, ਇੰਦਰ, ਧਰਮਰਾਇ, ਸਿਧ, ਬੁਧ, ਸੁਰ, ਨਾਥ ਆਦਿ ਸਭ ਪਰਮਾਤਮਾ ਦੇ ਹੁਕਮ ਵਿਚ ਹਨ। ਜਦ ਐਨੀਆਂ ਵਡੀਆਂ ਚੀਜ਼ਾਂ / ਹਸਤੀਆਂ ਪਰਮਾਤਮਾ ਦੇ ਭੈ ਵਿਚ ਹਨ ਤਾਂ ਕੀ ਦੁਨੀਆਵੀ ਰਾਜੇ, ਜਰਵਾਣੇ, ਸਿਕਦਾਰ, ਚਉਧਰੀ ਆਦਿ ਉਸ ਦੇ ਹੁਕਮ ਤੋਂ ਬਾਹਰ ਹਨ? ਸੋ ਗੁਰਸਿਖ ਨੂੰ ਪਰਮਾਤਮਾ ਦੀ ਓਟ ਵਿਚ ਰਹਿੰਦਿਆਂ ਕਿਸੇ ਦੀ ਕਾਨ ਕਨੌਡ ਨਹੀਂ ਰਖਣੀ ਚਾਹੀਦੀ। |
| ਭੈ ਵਿਚਿ, ਪਵਣੁ ਵਹੈ ਸਦਵਾਉ ॥ | | |
| ਭੈ ਵਿਚਿ, ਚਲਹਿ ਲਖ ਦਰੀਆਉ ॥ | ਚਲਹਿਂ | |
| ਭੈ ਵਿਚਿ, ਅਗਨਿ ਕਢੈ ਵੇਗਾਰਿ ॥ | | ਵੇਗਾਰਿ ਦਾ ਅਰਥ ਹੈ ਬਿਨਾਂ ਮੁਆਵਜ਼ੇ ਤੋਂ, ਬਿਨਾਂ ਤਨਖਾਹ ਤੋਂ। ਜੋ ਅਗਨੀ ਹੈ ਉਹ ਬਿਨਾਂ ਕਿਸੇ ਤੋਂ ਮੁਆਵਜ਼ਾ ਲਏ ਕੰਮ ਕਰਦੀ ਹੈ। ਅੱਗ ਤੋਂ ਮਨੁਖ ਬਹੁਤ ਕੰਮ ਲੈਂਦਾ ਹੈ ਪਰ ਬਦਲੇ ਵਿਚ ਅੱਗ ਕੁਝ ਨਹੀਂ ਮੰਗਦੀ। |
| ਭੈ ਵਿਚਿ, ਧਰਤੀ ਦਬੀ ਭਾਰਿ ॥ | | |
| ਭੈ ਵਿਚਿ, ਇੰਦੁ ਫਿਰੈ ਸਿਰ ਭਾਰਿ ॥ | | ਭੈ ਵਿਚ ਇੰਦਰ ਸਿਰ ਦੇ ਭਾਰ ਹੋ ਕੇ ਫਿਰਦਾ ਹੈ ਭਾਵ ਪਰਮਾਤਮਾ ਦੇ ਹੁਕਮ ਤੋਂ ਬਾਹਰ ਨਹੀਂ ਹੈ। |
| ਭੈ ਵਿਚਿ, ਰਾਜਾ ਧਰਮ ਦੁਆਰੁ ॥ | | |
| ਭੈ ਵਿਚਿ ਸੂਰਜੁ, ਭੈ ਵਿਚਿ ਚੰਦੁ ॥ | | |
| ਕੋਹ ਕਰੋੜੀ ਚਲਤ, ਨ ਅੰਤੁ ॥ | ਕਰੋੜੀਂ | ੧. 'ਚਲਤ' ਤੋਂ ਬਾਅਦ ਛੋਟਾ ਬਿਸ਼ਰਾਮ ਚਾਹੀਦਾ ਹੈ। 'ਨ' ਦਾ ਸੰਬੰਧ 'ਅੰਤੁ' ਨਾਲ ਹੈ ਨਾ ਕੇ 'ਚਲਤ ਨਾਲ। ਜੇਕਰ 'ਨ' ਨੂੰ 'ਚਲਤ' ਨਾਲ ਰਖੀਏ ਤਾਂ ਅਰਥ ਬਣਦਾ ਹੈ ਕਿ ਸੂਰਜ ਤੇ ਚੰਦ ਕਰੋੜਾਂ ਕੋਹ ਨਹੀਂ ਚਲਦੇ ਜਦਕਿ ਅਰਥ ਇਹ ਹੈ ਕਿ ਸੂਰਜ ਤੇ ਚੰਦ ਕਰੋੜਾਂ ਕੋਹ ਚਲਦੇ ਹਨ, ਕੋਈ ਅੰਤ ਨਹੀਂ। ਇਸ ਪੰਕਤੀ ਤੋਂ ਭਲੀ ਪ੍ਰਕਾਰ ਸਿਧ ਹੁੰਦਾ ਹੈ ਕਿ ਗ਼ਲਤ ਬਿਸ਼ਰਾਮ ਲਾਉਣ ਨਾਲ ਕਈ ਦਫਾ ਅਰਥ ਉਲਟੇ ਹੋ ਜਾਂਦੇ ਹਨ। |
| ਭੈ ਵਿਚਿ, ਸਿਧ ਬੁਧ ਸੁਰ ਨਾਥ ॥ | | |
| ਭੈ ਵਿਚਿ, ਆਡਾਣੇ ਆਕਾਸ ॥ | ਆਕਾਸ਼ | |
| ਭੈ ਵਿਚਿ, ਜੋਧ ਮਹਾਬਲ ਸੂਰ ॥ | | |
| ਭੈ ਵਿਚਿ, ਆਵਹਿ ਜਾਵਹਿ ਪੂਰ ॥ | ਆਵਹਿਂ, ਜਾਵਹਿਂ | |
| ਸਗਲਿਆ, ਭਉ ਲਿਖਿਆ, ਸਿਰਿ ਲੇਖੁ ॥ | ਸਗਲਿਆਂ | ਸਗਲਿਆਂ ਦੇ ਸਿਰ ਤੇ ਭਉ ਰੂਪੀ ਲੇਖ ਲਿਖਿਆ ਹੈ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਨਾਨਕ, ਨਿਰਭਉ ਨਿਰੰਕਾਰੁ ਸਚੁ ਏਕੁ ॥੧॥ | | |
| ਮਃ ੧ ॥ | ਮਃ = ਮਹੱਲਾ | |
| ਨਾਨਕ, ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ ॥ | | ਇਕ ਅਕਾਲ ਪੁਰਖ ਭੈ ਰਹਿਤ ਤੇ ਮਾਇਆ ਰਹਿਤ ਹੈ ਹੋਰ ਉਹਦੀ ਧੂੜੀ ਵਿਚ ਅਗਿਣਤ ਰਾਮ ਆਦਿ ਅਵਤਾਰ ਹਨ। |
| ਕੇਤੀਆ ਕੰਨ੍ ਕਹਾਣੀਆ, ਕੇਤੇ ਬੇਦ ਬੀਚਾਰ ॥ | ਕੇਤੀਆਂ, ਕਹਾਣੀਆਂ | ਅਨੇਕਾਂ ਹੀ ਕਾਨ੍ਹ ਕ੍ਰਿਸ਼ਨ ਦੀਆਂ ਕਹਾਣੀਆਂ ਹਨ ਤੇ ਅਨੇਕਾਂ ਹੀ ਬੇਦਾਂ ਦੇ ਬਿਚਾਰ ਹਨ। |
| ਕੇਤੇ ਨਚਹਿ ਮੰਗਤੇ, ਗਿੜਿ ਮੁੜਿ ਪੂਰਹਿ ਤਾਲ ॥ | ਨਚਹਿੰ, ਪੂਰਹਿੰ | |
| ਬਾਜਾਰੀ ਬਾਜਾਰ ਮਹਿ ਆਇ, ਕਢਹਿ ਬਾਜਾਰ ॥ | ਬਾਜ਼ਾਰੀ, ਬਾਜ਼ਾਰ, ਕਢਹਿੰ, ਬਾਜ਼ਾਰ | ਬਾਜ਼ਾਰੀ (ਰਾਸਿਧਾਰੀਏ ਲੋਕ) ਬਾਜ਼ਾਰਾਂ ਵਿਚ ਆ ਕੇ ਬਾਜ਼ਾਰਾਂ (ਰਾਸਾਂ) ਪਉਂਦੇ ਹਨ। |
| ਗਾਵਹਿ ਰਾਜੇ ਰਾਣੀਆ, ਬੋਲਹਿ ਆਲ ਪਤਾਲ ॥ | ਗਾਵਹਿੰ, ਰਾਣੀਆਂ, ਬੋਲਹਿੰ | |
| ਲਖ ਟਕਿਆ ਕੇ ਮੁੰਦੜੇ, ਲਖ ਟਕਿਆ ਕੇ ਹਾਰ ॥ | ਟਕਿਆਂ, ਟਕਿਆਂ | |
| ਜਿਤੁ ਤਨਿ ਪਾਈਅਹਿ ਨਾਨਕਾ, ਸੇ ਤਨ ਹੋਵਹਿ ਛਾਰ ॥ | ਪਾਈਅਹਿੰ, ਹੋਵਹਿੰ | |
| ਗਿਆਨੁ ਨ ਗਲੀਈ ਢੂਢੀਐ, ਕਥਨਾ ਕਰੜਾ ਸਾਰੁ ॥ | ਗਲੀਈਂ, ਢੂੰਢੀਐ | ਗਲੀਂ ਬਾਤੀਂ ਸੱਚਾ ਗਿਆਨ ਨਹੀਂ ਮਿਲਦਾ; ਗਿਆਨ ਦਾ ਕਥਨਾ ਤਾਂ ਇਹਨਾਂ ਮੁਸ਼ਕਿਲ ਹੈ, ਜਿਵੇਂ ਕਰੜਾ ਲੋਹਾ ਚੱਬਣਾ ਅਉਖਾ ਹੈ। |
| ਕਰਮਿ ਮਿਲੈ ਤਾ ਪਾਈਐ, ਹੋਰ ਹਿਕਮਤਿ ਹੁਕਮੁ ਖੁਆਰੁ ॥੨॥ | ਤਾਂ | ਗਿਆਨ ਉਹਦੇ ਕਰਮ (ਫਜ਼ਲ) ਨਾਲ ਮਿਲਦਾ ਹੈ, ਹੋਰ ਇਲਾਜ ਜਾਂ ਹੁਕਮ ਖੁਆਰ ਕਰਦੇ ਹਨ। |
| ਪਉੜੀ ॥ | | ਇਸ ਪਉੜੀ ਵਿਚ ਸਤਿਗੁਰ ਦੀ ਮਹਿਮਾ ਅਥਾਹ ਦੱਸੀ ਗਈ ਹੈ। |
| ਨਦਰਿ ਕਰਹਿ ਜੇ ਆਪਣੀ, ਤਾ ਨਦਰੀ ਸਤਿਗੁਰੁ ਪਾਇਆ ॥ | ਕਰਹਿੰ, ਤਾਂ | ਜੇ ਪਰਮਾਤਮਾ ਮਿਹਰ ਕਰੇ ਤਾਂ ਉਸਦੀ ਮਿਹਰ ਨਾਲ ਸਤਿਗੁਰ ਪਾਇਆ ਜਾਂਦਾ ਹੈ। |
| ਏਹੁ ਜੀਉ ਬਹੁਤੇ ਜਨਮ ਭਰੰਮਿਆ, ਤਾ ਸਤਿਗੁਰਿ ਸਬਦੁ ਸੁਣਾਇਆ ॥ | ਤਾਂ | ਜਦੋਂ ਜੀਵ ਬਹੁਤ ਜਨਮਾਂ ਵਿਚ ਭਟਕ ਚੁਕਿਆ ਸੀ ਤਾਂ ਫੇਰ ਜਾ ਕੇ ਸਤਿਗੁਰੂ ਨੇ ਨਾਮ-ਗੁਰਮੰਤ੍ਰ ਰੂਪੀ ਸ਼ਬਦ ਸੁਣਾਇਆ ਸੀ। |
| ਸਤਿਗੁਰ ਜੇਵਡੁ ਦਾਤਾ ਕੋ ਨਹੀ, ਸਭਿ ਸੁਣਿਅਹੁ ਲੋਕ ਸਬਾਇਆ ॥ | ਨਹੀਂ | ਸਾਰੇ ਲੋਕ ਸੁਣ ਲਵੋ ਕਿ ਸਤਿਗੁਰ ਜੈਸਾ ਦਾਤਾ ਹੋਰ ਕੋਈ ਨਹੀਂ ਹੈ। |
| ਸਤਿਗੁਰਿ ਮਿਲਿਐ ਸਚੁ ਪਾਇਆ, ਜਿਨ੍ਹੀ ਵਿਚਹੁ ਆਪੁ ਗਵਾਇਆ ॥ | ਮਿਲਿਐਂ, ਵਿਚਹੁੰ | ਸਤਿਗੁਰ ਨੂੰ ਮਿਲਿਆਂ ਹੀ ਸਚ ਪਾਈਦਾ ਹੈ ਬਸ਼ਰਤੇ ਅੰਦਰੋਂ ਆਪਾ ਗਵਾ ਲਿਆ ਜਾਵੇ। |
| ਜਿਨਿ ਸਚੋ ਸਚੁ ਬੁਝਾਇਆ ॥੪॥ | | ਸਤਿਗੁਰ ਨੇ ਨਿਰੋਲ ਸਚ ਦ੍ਰਿੜਾਇਆ ਹੈ। 'ਸਚੋ ਸਚੁ' ਦਾ ਭਾਵ ਇਥੇ ਗੁਰਮਤਿ ਨਾਮ ਤੋਂ ਹੈ। |
| ਆਸਾ ਮਹਲਾ ੪ ॥ | ਮਹੱਲਾ | |
| ਗੁਰਮੁਖਿ ਢੂੰਢਿ ਢੂਢੇਦਿਆ, ਹਰਿ ਸਜਣੁ ਲਧਾ ਰਾਮ ਰਾਜੇ ॥ | ਢੂੰਢੇਦਿਆਂ | ਗੁਰਮੁਖਿ ਨੇ ਢੂੰਡ ਢੂੰਢ ਕੇ ਆਖਿਰ ਹਰਿ ਸਜਣ ਲਭ ਹੀ ਲਿਆ। |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਕੰਚਨ ਕਾਇਆ ਕੋਟ ਗੜ, ਵਿਚਿ ਹਰਿ ਹਰਿ ਸਿਧਾ ॥ | ਕਾਇਆਂ | ਸਰੀਰ ਸੋਨੇ ਦਾ ਕਿਲਾ ਬਣ ਗਿਆ ਹੈ ਤੇ ਸਰੀਰ ਵਿਚ ਹਰੀ ਹੀ ਹਰੀ ਪਰਗਟ ਹੋ ਗਿਆ ਹੈ। |
| ਹਰਿ ਹਰਿ ਹੀਰਾ ਰਤਨੁ ਹੈ, ਮੇਰਾ ਮਨੁ ਤਨੁ ਵਿਧਾ ॥ | | ਨਾਮ (ਹਰਿ ਹਰਿ) ਹੀਰਾ ਰਤਨ ਹੈ ਜਿਸ ਨੇ ਮੇਰਾ ਮਨ ਤੇ ਤਨ ਵਿੰਨ ਸੁਟਿਆ ਹੈ। |
| ਧੁਰਿ ਭਾਗ ਵਡੇ ਹਰਿ ਪਾਇਆ, ਨਾਨਕ ਰਸਿ ਗੁਧਾ ॥੧॥ | | ਧੁਰੋਂ ਵਡੇ ਭਾਗਾਂ ਕਰਕੇ ਹਰੀ ਪਰਮਾਤਮਾ ਨੂੰ ਪਾ ਲਿਆ ਹੈ; ਮੈਂ ਰਸ ਵਿਚ ਗੁਧਿਆ (ਗੁੰਨਿਆ) ਗਿਆ ਹਾਂ। |
| ਸਲੋਕ ਮਃ ੧ ॥ | ਮਃ = ਮਹੱਲਾ | |
| ਘੜੀਆ ਸਭੇ ਗੋਪੀਆ, ਪਹਰ ਕੰਨ੍ ਗੋਪਾਲ ॥ | ਘੜੀਆਂ, ਗੋਪੀਆਂ | |
| ਗਹਣੇ ਪਉਣੁ ਪਾਣੀ ਬੈਸੰਤਰੁ, ਚੰਦੁ ਸੂਰਜੁ ਅਵਤਾਰ ॥ | | |
| ਸਗਲੀ ਧਰਤੀ ਮਾਲੁ ਧਨੁ, ਵਰਤਣਿ ਸਰਬ ਜੰਜਾਲ ॥ | | |
| ਨਾਨਕ, ਮੁਸੈ ਗਿਆਨ ਵਿਹੂਣੀ, ਖਾਇ ਗਇਆ ਜਮਕਾਲੁ ॥੧॥ | | ਨਾਨਕ ਮੁਸੈ, ਇਕੱਠਾ ਨਹੀਂ ਉਚਾਰਨਾ। ਮੁਸੈ ਦਾ ਅਰਥ ਹੈ ਠਗਿਆ ਜਾਣਾ ਤੇ ਇਸ ਪੰਕਤੀ ਵਿਚ ਗੁਰੂ ਸਾਹਿਬ ਨਹੀਂ ਮੁਸੇ ਗਏ ਬਲਕਿ ਗਿਆਨ ਵਿਹੂਣੀ ਕਾਇਨਾਤ ਮੁਸੀ (ਠੱਗੀ) ਗਈ ਹੈ। ਸੋ, 'ਨਾਨਕ' ਤੋਂ ਬਾਅਦ ਛੋਟਾ ਬਿਸ਼ਰਾਮ ਲੋੜੀਂਦਾ ਹੈ। |
| ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਰਾਸਧਾਰੀਆਂ ਦੇ ਪਾਖੰਡ ਨੂੰ ਉਜਾਗਰ ਕੀਤਾ ਗਿਆ ਹੈ ਤੇ ਉਪਦੇਸ਼ ਕੀਤਾ ਹੈ ਕਿ ਰਾਸਾਂ ਪਾਉਣ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋਣੀ। |
| ਵਾਇਨਿ ਚੇਲੇ, ਨਚਨਿ ਗੁਰ ॥ | | |
| ਪੈਰ ਹਲਾਇਨਿ, ਫੇਰਨ੍ਹਿ ਸਿਰ ॥ | | |
| ਉਡਿ ਉਡਿ ਰਾਵਾ, ਝਾਟੈ ਪਾਇ ॥ | | ਰਾਵਾ = ਘੱਟਾ, ਝਾਟੈ = ਖੁਲੇ ਕੇਸਾਂ ਵਿਚ। |
| ਵੇਖੈ ਲੋਕੁ ਹਸੈ ਘਰਿ ਜਾਇ ॥ | | ਹਸੈ ਦਾ ਉਚਾਰਨ 'ਹਸੈਂ' ਬਿੰਦੀ ਲਾ ਕੇ ਨਹੀਂ ਕਰਨਾ ਕਿਉਂਕਿ 'ਲੋਕੁ' ਸ਼ਬਦ ਬਹੁਵਚਨ ਨਹੀਂ ਹੈ। |
| ਰੋਟੀਆ ਕਾਰਣਿ, ਪੂਰਹਿ ਤਾਲ ॥ | ਰੋਟੀਆਂ, ਪੂਰਹਿੰ | |
| ਆਪੁ ਪਛਾੜਹਿ ਧਰਤੀ ਨਾਲਿ ॥ | ਪਛਾੜਹਿੰ | |
| ਗਾਵਨਿ ਗੋਪੀਆ, ਗਾਵਨਿ ਕਾਨ੍ ॥ | ਗੋਪੀਆਂ | |
| ਗਾਵਨਿ, ਸੀਤਾ ਰਾਜੇ ਰਾਮ ॥ | | |
| ਨਿਰਭਉ, ਨਿਰੰਕਾਰੁ, ਸਚੁ ਨਾਮੁ ॥ | | |
| ਜਾ ਕਾ ਕੀਆ, ਸਗਲ ਜਹਾਨੁ ॥ | | |
| ਸੇਵਕ ਸੇਵਹਿ, ਕਰਮਿ ਚੜਾਉ ॥ | ਸੇਵਹਿੰ | ਸੇਵਕ ਪਰਮਾਤਮਾ ਨੂੰ ਸੇਂਵਦੇ ਹਨ ਤੇ ਉਹਦੇ ਕਰਮ (ਮਿਹਰ) ਨਾਲ ਸੁਰਤੀ ਦਾ ਚੜਾਉ ਪਰਾਪਤ ਹੁੰਦਾ ਹੈ। |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਭਿੰਨੀ ਰੈਣਿ, ਜਿਨ੍ਾ ਮਨਿ ਚਾਉ ॥ | ਜਿਨ੍ਹਾਂ | ਪਿਛਲੀ ਪੰਕਤੀ ਤੋਂ ਅਫਜੂੰ - ਜਿਨਾਂ ਦੇ ਮਨ ਵਿਚ ਚਾਉ ਹੁੰਦਾ ਹੈ ਅਤੇ ਜੋ ਇਲਾਹੀ ਸੇਵਾ ਕਰਦੇ ਹਨ, ਉਹਨਾਂ ਦੀ ਰੈਣ ਰਸ ਭਿੰਨੀ ਹੁੰਦੀ ਹੈ। |
| ਸਿਖੀ ਸਿਖਿਆ, ਗੁਰ ਵੀਚਾਰਿ ॥ | | 'ਸਿਖੀ' ਦਾ ਉਚਾਰਨ 'ਸਿਖੀਂ' ਠੀਕ ਨਹੀਂ ਕਿਉਂਕਿ ਇਥੇ ਇਹ ਸ਼ਬਦ ਸਿਖ ਦਾ ਬਹੁ-ਵਚਨ ਨਹੀਂ ਹੈ ਬਲਕਿ ਇਸ ਸ਼ਬਦ ਦਾ ਮਤਲਬ ਹੈ 'ਸਿਖੀ ਹੈ"<br>੨. ਪੰਕਤੀ ਦਾ ਅਰਥ ਹੈ - ਗੁਰੂ ਦੇ ਵਿਚਾਰ ਰਾਹੀਂ ਸਿਖਿਆ ਸਿਖੀ ਹੈ। |
| ਨਦਰੀ ਕਰਮਿ, ਲਘਾਏ ਪਾਰਿ ॥ | ਲੰਘਾਏ | ਨਦਰੀ ਵਾਹਿਗੁਰੂ ਆਪਣੇ ਕਰਮ (ਮਿਹਰ) ਰਾਹੀਂ ਸੇਵਕਾਂ ਨੂੰ ਪਾਰ ਲੰਘਾਉਂਦਾ ਹੈ।<br>'ਨਦਰੀ' ਲਫ਼ਜ਼ ਇਥੇ ਵਾਹਿਗੁਰੂ ਦਾ ਵਾਚਕ ਹੈ ਤੇ ਅਰਥ ਹੈ ਨਦਰਿ ਕਰਨਵਾਲਾ। |
| ਕੋਲੂ, ਚਰਖਾ, ਚਕੀ, ਚਕੁ ॥ | ਚੱਕੀ, ਚੱਕੁ | |
| ਥਲ ਵਾਰੋਲੇ ਬਹੁਤੁ ਅਨੰਤੁ ॥ | | |
| ਲਾਟੂ, ਮਾਧਾਣੀਆ, ਅਨਗਾਹ ॥ | ਮਾਧਾਣੀਆਂ, ਅੰਨਗਾਹ | |
| ਪੰਖੀ, ਭਉਦੀਆ, ਲੈਨਿ ਨ ਸਾਹ ॥ | ਭਉਂਦਿਆਂ | ਪੁਰਾਤਨ ਕਈ ਸਰੂਪਾਂ ਵਿਚ 'ਭਉਦਿਆ' ਪਾਠ ਹੈ ਜੋ ਕਿ ਸ਼ੁਧ ਪ੍ਰਤੀਤ ਹੁੰਦਾ ਹੈ ਕਿਉਂਕਿ ਸ਼ਬਦ 'ਪੰਖੀ' ਪੁਲਿੰਗ ਹੈ ਜਦਕਿ 'ਭਉਦੀਆ' ਕਿਰਿਆ ਇਸਤ੍ਰੀ ਲਿੰਗ ਹੈ। ਕਈ ਵਿਦਵਾਨਾਂ ਨੇ ਇਸ ਸਮਸਿਆ ਦੇ ਹੱਲ ਲਈ 'ਪੰਖੀ' ਸ਼ਬਦ ਦਾ ਅਰਥ ਇੱਲਾਂ ਕੀਤਾ ਹੈ ਤਾਂ ਕਿ ਇਹ ਸ਼ਬਦ ਇਸ੍ਤ੍ਰੀ ਲਿੰਗ ਬਣ ਜਾਵੇ ਤੇ 'ਭਉਦੀਆ' ਨਾਲ ਫਿਟ ਹੋ ਜਾਵੇ ਤੇ ਕਈ ਵਿਦਵਾਨਾਂ ਨੇ 'ਭਉਦੀਆ' ਦਾ ਅਰਥ ਕਿਰਿਆਵਾਚੀ ਨਾ ਕਰਕੇ ਨਾਂਵ ਦਾ ਕੀਤਾ ਹੈ - ਭੰਭੀਰੀਆਂ। ਅਸਲ ਪਾਠ 'ਭਉਦਿਆ' ਹੈ ਜੋ ਕਿ ਪੁਰਾਤਨ ਸਰੂਪਾਂ ਵਿਚ ਦੇਖਿਆ ਜਾ ਸਕਦਾ ਹੈ। |
| ਸੂਐ ਚਾੜਿ, ਭਵਾਈਅਹਿ ਜੰਤ ॥ | ਭਵਾਈਅਹਿੰ | |
| ਨਾਨਕ, ਭਉਦਿਆ ਗਣਤ ਨ ਅੰਤ ॥ | ਭਉਂਦਿਆਂ | |
| ਬੰਧਨ ਬੰਧਿ, ਭਵਾਏ ਸੋਇ ॥ | | |
| ਪਇਐ ਕਿਰਤਿ, ਨਚੈ ਸਭੁ ਕੋਇ ॥ | ਪਇਐਂ | |
| ਨਚਿ ਨਚਿ ਹਸਹਿ, ਚਲਹਿ ਸੇ ਰੋਇ ॥ | ਹਸਹਿੰ, ਚਲਹਿੰ | |
| ਉਡਿ ਨ ਜਾਹੀ, ਸਿਧ ਨ ਹੋਹਿ ॥ | ਜਾਹੀਂ, ਹੋਹਿੰ | |
| ਨਚਣੁ ਕੁਦਣੁ, ਮਨ ਕਾ ਚਾਉ ॥ | | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਨਾਨਕ, ਜਿਨ੍ ਮਨਿ ਭਉ, ਤਿਨ੍ਾ ਮਨਿ ਭਾਉ ॥੨॥ | ਤਿਨ੍ਹਾਂ | ਇਥੇ ਇਹ ਗੁਰਮਤਿ ਸਿਧਾਂਤ ਦਰਜ ਹੈ ਕਿ ਜਿਨਾਂ ਦੇ ਮਨ ਵਿਚ ਪਰਮਾਤਮਾ ਦਾ ਅਦਬਮਈ ਭੈ ਹੈ ਉਹਨਾਂ ਦੇ ਮਨ ਵਿਚ ਹੀ ਪਿਆਰ ਆਇਆ ਸਮਝੋ। ਸੋ ਜੋ ਗੁਰ ਪਰਮੇਸ਼ਰ ਦਾ ਹੁਕਮ ਨਹੀਂ ਮੰਨਦਾ, ਉਹ ਉਸ ਨੂੰ ਪਿਆਰ ਵੀ ਨਹੀਂ ਕਰਦਾ। |
| ਪਉੜੀ ॥ | | |
| ਨਾਉ ਤੇਰਾ ਨਿਰੰਕਾਰੁ ਹੈ, ਨਾਇ ਲਇਐ, ਨਰਕਿ ਨ ਜਾਈਐ ॥ | ਨਾਉਂ, ਨਾਇਂ, ਲਇਐਂ | ਇਹ ਪੰਕਤੀ ਦਸਦੀ ਹੈ ਕਿ ਪਰਮਾਤਮਾ ਦਾ ਨਾਮ ਨਿਰੰਕਾਰ ਹੈ ਭਾਵ ਆਕਾਰੀ ਦੁਨੀਆ ਤੋਂ ਅਪਰੰਪਰ ਹੈ, ਇਸੇ ਕਰਕੇ ਨਾਮ ਲੈਣ ਕਰਕੇ, ਨਰਕ ਨਹੀਂ ਜਾਈਦਾ। |
| ਜੀਉ ਪਿੰਡੁ ਸਭੁ ਤਿਸ ਦਾ, ਦੇ ਖਾਜੈ, ਆਖਿ ਗਵਾਈਐ ॥ | | ਮਨ ਤਨ ਸਭ ਉਸਦਾ ਹੈ, ਦੇ ਕੇ ਖਾਈਏ (ਖਾਣਾ ਚਾਹੀਦਾ ਹੈ) ਪਰ ਜੇਕਰ ਦਿਤੇ ਹੋਏ ਨੂੰ ਜਣਾ ਦੇਈਏ ਤਾਂ ਸਭ ਗਵਾ ਲਈਦਾ ਹੈ ਭਾਵ ਦੇ ਕੇ ਇਹ ਸਮਝਣਾ ਜਾਂ ਗੁਮਾਨ ਕਰਨਾ ਕਿ ਮੈਂ ਕੁਝ ਦਿਤਾ ਹੈ ਗਲਤ ਹੈ ਅਤੇ ਇਸ ਤਰਾਂ ਕਰਨ ਨਾਲ ਸਾਰਾ ਪੁੰਨ ਫਲ ਗਵਾ ਲਈਦਾ ਹੈ। ਕੈਸਾ ਮਹਾਨ ਤੇ ਉਚਾ ਸੁੱਚਾ ਗੁਰਮਤਿ ਆਦ੍ਰਸ਼ ਹੈ ! |
| ਜੇ ਲੋੜਹਿ ਚੰਗਾ ਆਪਣਾ, ਕਰਿ ਪੁੰਨਹੁ ਨੀਚੁ ਸਦਾਈਐ ॥ | ਲੋੜਹਿਂ | ਗੁਰਮਤਿ ਸਿਧਾਂਤ ਹੈ ਕਿ ਨੇਕੀ ਕਰਕੇ ਵੀ ਆਪਣੇ ਆਪ ਨੂੰ ਨੀਚ ਸਦਾਉਣਾ ਚਾਹੀਦਾ ਹੈ ਭਾਵ ਪੁੰਨ ਕਰਮਾਂ ਦਾ ਮਾਣ ਨਹੀਂ ਕਰਨਾ ਚਾਹੀਦਾ। |
| ਜੇ ਜਰਵਾਣਾ ਪਰਹਰੈ, ਜਰੁ ਵੇਸ ਕਰੇਦੀ ਆਈਐ ॥ | ਕਰੇਂਦੀ | ਜੇ ਕੋਈ (ਤਾਕਤਵਰ) ਜਰਵਾਣਾ ਬੁਢਾਪੇ ਨੂੰ ਰੋਕਣ ਦੀ ਕੋਸ਼ਿਸ਼ ਕਰੇ ਤਾਂ ਬੁਢਾਪਾ ਪੂਰੇ ਸਰੀਰ ਤੇ ਛਾ ਜਾਂਦਾ ਹੈ। |
| ਕੋ ਰਹੈ ਨ ਭਰੀਐ ਪਾਈਐ ॥੫॥ | | |
| ਪੰਥੁ ਦਸਾਵਾ ਨਿਤ ਖੜੀ, ਮੁੰਧ ਜੋਬਨਿ ਬਾਲੀ ਰਾਮ ਰਾਜੇ ॥ | ਦਸਾਵਾਂ (ਪੁਛਾਂ) | ਮੈਂ ਜਵਾਨ ਭੋਲੀ ਇਸਤ੍ਰੀ ਨਿਤ ਖੜੀ ਆਪਣੇ ਪਰਮਾਤਮਾ ਦਾ ਰਾਹ ਪੁਛਦੀ ਹਾਂ। |
| ਹਰਿ ਹਰਿ ਨਾਮੁ ਚੇਤਾਇ ਗੁਰ, ਹਰਿ ਮਾਰਗਿ ਚਾਲੀ ॥ | ਚਾਲੀਂ | ਹੇ ਗੁਰੂ ਮੈਨੂੰ ਹਰਿ ਹਰਿ ਨਾਮ ਚੇਤਾ (ਚੇਤਾ ਕਰਾ) ਤਾ ਕਿ ਇਸ ਤਰਾਂ ਮੈਂ ਹਰੀ ਤੇ ਮਾਰਗ ਤੇ ਚਲਾਂ। |
| ਮੇਰੈ ਮਨਿ ਤਨਿ ਨਾਮੁ ਆਧਾਰੁ ਹੈ, ਹਉਮੈ ਬਿਖੁ ਜਾਲੀ ॥ | ਜਾਲੀਂ | ਮੇਰੇ ਮਨ ਤੇ ਤਨ ਵਿਚ ਨਾਮ ਹੀ ਆਧਾਰ ਹੈ; ਇਸ ਤਰਾਂ ਮੈਂ ਹਉਮੈ ਜ਼ਹਿਰ ਨੂੰ ਸਾੜਦੀ ਹਾਂ। |
| ਜਨ ਨਾਨਕ, ਸਤਿਗੁਰੁ ਮੇਲਿ ਹਰਿ, ਹਰਿ ਮਿਲਿਆ ਬਨਵਾਲੀ ॥੨॥ | | ਗੁਰੂ ਸਾਹਿਬ ਫੁਰਮਾਉਂਦੇ ਹਨ, ਹਰੀ ਬਨਵਾਲੀ, ਸਤਿਗੁਰ ਨੂੰ ਮੇਲ ਕੇ, ਫੇਰ ਆਪ ਮਿਲਦਾ ਹੈ। ਭਾਵ ਸਿਧਾ ਨਹੀਂ ਮਿਲਦਾ ਬਲਕਿ ਸਤਿਗੁਰੂ ਰਾਹੀਂ ਮਿਲਦਾ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਸਲੋਕ ਮਃ ੧ ॥ | ਮਃ = ਮਹੱਲਾ | ਇਹਨਾਂ ਮੁਸਲਮਾਨਾਂ, ਹਿੰਦੂਆਂ, ਜੋਗੀਆਂ ਵਾਲੀਆਂ ਪੰਕਤੀਆਂ ਵਿਚ ਆਨਮਤਾਂ ਦਾ ਤੇ ਗੁਰਮਤਿ ਦਾ ਦ੍ਰਿਸ਼ਟੀਕੋਨ ਨਾਲ ਨਾਲ ਦਰਜ ਕੀਤਾ ਹੈ। ਇਹ ਪੰਕਤੀਆਂ ਪਰਮਾਰਥ ਦੇ ਪਾਂਧੀਆਂ ਵਾਸਤੇ ਬਹੁਤ ਲਾਹੇਵੰਦ ਹਨ। |
| ਮੁਸਲਮਾਨਾ ਸਿਫਤਿ ਸਰੀਅਤਿ, ਪੜਿ ਪੜਿ ਕਰਹਿ ਬੀਚਾਰੁ ॥ | ਮੁਸਲਮਾਨਾਂ, ਸ਼ਰੀਅਤਿ, ਕਰਹਿੰ | ਇਸਲਾਮ ਮੱਤ: ਮੁਸਲਮਾਨ ਸ਼ਰਾ ਮੁਤਾਬਕ ਸਿਫਤ ਸਾਲਾਹ ਕਰਦੇ ਹਨ ਤੇ ਆਪਣੇ ਧਰਮ ਗ੍ਰੰਥ ਪੜ ਪੜ ਕੇ ਵਿਚਾਰ ਕਰਦੇ ਹਨ। |
| ਬੰਦੇ ਸੇ, ਜਿ ਪਵਹਿ ਵਿਚਿ ਬੰਦੀ, ਵੇਖਣ ਕਉ ਦੀਦਾਰੁ ॥ | ਪਵਹਿੰ | ਗੁਰਮਤਿ: ਪਰ ਅਸਲ ਵਿਚ ਬੰਦੇ ਉਹ ਹਨ ਜੋ ਗੁਰਮਤਿ ਰੂਪੀ ਬੰਦੀ (ਬੰਦਿਸ਼) ਵਿਚ ਪੈਂਦੇ ਹਨ, ਪਰਮਾਤਮਾ ਦੇ ਦਰਸ਼ਨ ਦੀਦਾਰ ਕਰਨ ਲਈ। |
| ਹਿੰਦੂ, ਸਾਲਾਹੀ ਸਾਲਾਹਨਿ, ਦਰਸਨਿ ਰੂਪਿ ਅਪਾਰੁ ॥ | ਦਰਸ਼ਨਿ | ਗੁਰਮਤਿ: ਸਾਲਾਹੁਣਯੋਗ ਪਰਮਾਤਮਾ ਨੂੰ ਸਾਲਾਹਦੇ ਹਨ, ਅਪਾਰ ਤੇ ਰੂਪਵੰਤ ਪਰਮਾਤਮਾ ਦੇ ਦਰਸ਼ਨਾਂ ਲਈ। |
| ਤੀਰਥਿ ਨਾਵਹਿ, ਅਰਚਾ ਪੂਜਾ, ਅਗਰ ਵਾਸੁ ਬਹਕਾਰੁ ॥ | ਨਾਵਹਿੰ | ਹਿੰਦੂ ਮੱਤ: ਹਿੰਦੂ ਤੀਰਥ ਤੇ ਨ੍ਹਾਉਂਦੇ ਹਨ, ਇਸ਼ਟਾਂ ਦੀ ਅਰਚਾ ਪੂਜਾ ਕਰਦੇ ਹਨ ਤੇ ਅਗਰ ਵਾਸ ਸੁਗੰਧੀਆਂ ਆਦਿ ਦਾ ਇਸਤੇਮਾਲ ਕਰਦੇ ਹਨ। |
| ਜੋਗੀ, ਸੁੰਨਿ ਧਿਆਵਨ੍ਹਿ ਜੇਤੇ, ਅਲਖ ਨਾਮੁ ਕਰਤਾਰੁ ॥ | ਅਲੱਖ | ਗੁਰਮਤਿ: ਤ੍ਰੈਗੁਣੀ ਮਾਇਆਵੀ ਖਿਆਲਾਂ ਵਲੋਂ ਸੁੰਨ ਪਰਮਾਤਮਾ ਨੂੰ ਧਿਆਉਂਦੇ ਹਨ; ਉਸ ਪਰਮਾਤਮਾ ਦਾ ਨਾਮ ਅਲਖ ਹੈ ਤੇ ਉਹ ਕਰਤਾਰ (ਸਿਰਜਣਹਾਰ) ਹੈ। |
| ਸੂਖਮ ਮੂਰਤਿ ਨਾਮੁ ਨਿਰੰਜਨ, ਕਾਇਆ ਕਾ ਆਕਾਰੁ ॥ | ਕਾਇਆਂ | ਪਰਮਾਤਮਾ ਦੀ ਮੂਰਤਿ ਅਤਿ ਲਤੀਫ ਹੈ ਤੇ ਨਾਮ ਨਿਰੰਜਨ ਹੈ ਪਰ ਜੋਗੀ ਉਸ ਪਰਮਾਤਮਾ ਨੂੰ ਕਾਇਆਂ ਦਾ ਆਕਾਰ ਸਮਝਦੇ ਹਨ ਭਾਵ ਅਸਥੂਲ ਸਮਝਕੇ ਪੂਜਦੇ ਹਨ। |
| ਸਤੀਆ ਮਨਿ ਸੰਤੋਖੁ ਉਪਜੈ, ਦੇਣੈ ਕੈ ਵੀਚਾਰਿ ॥ | ਸਤੀਆਂ | ਦਾਨ ਦੇਣ ਵਾਲੇ ਸਤੀਆਂ ਦੇ ਮਨ ਵਿਚ ਸੰਤੋਖ ਆਉਂਦਾ ਹੈ, ਦਾਨ ਦੇਣ ਦੇ ਵਿਚਾਰ ਕਰਕੇ। |
| ਦੇ ਦੇ ਮੰਗਹਿ ਸਹਸਾ ਗੂਣਾ, ਸੋਭ ਕਰੇ ਸੰਸਾਰੁ ॥ | ਮੰਗਹਿੰ, ਸ਼ੋਭ | ਪਰ ਦਾਨ ਕਰਕੇ ਉਹ ਪਰਮਾਤਮਾ ਪਾਸੋਂ ਹਜ਼ਾਰ ਗੁਣਾਂ ਮੰਗਦੇ ਹਨ ਤੇ ਚਾਹੁੰਦੇ ਹਨ ਕਿ ਸੰਸਾਰ ਉਹਨਾਂ ਦੀ ਸ਼ੋਭਾ ਕਰੇ। ਸੋ ਇਹਨਾਂ ਪੰਕਤੀਆਂ ਵਿਚ ਗੁਰਮਤਿ ਤੋਂ ਵਿਹੂਣੇ ਦਾਨੀਆਂ ਬਾਰੇ ਜ਼ਾਹਿਰ ਕੀਤਾ ਹੈ ਕਿ ਉਹਨਾਂ ਦਾ ਦਾਨ ਪੁੰਨ ਕੀਤਾ ਪਰਮਾਰਥੀ ਲਾਭ ਨਹੀਂ ਪਹੁੰਦਾਉਂਦਾ। |
| ਚੋਰਾ, ਜਾਰਾ, ਤੈ ਕੂੜਿਆਰਾ, ਖਾਰਾਬਾ, ਵੇਕਾਰ ॥ | ਚੋਰਾਂ, ਜਾਰਾਂ, ਕੂੜਿਆਰਾਂ, ਖਰਾਬਾਂ | ਇਕ ਵੇਕਾਰੇ ਹਨ ਜੋ ਚੋਰਾਂ, ਜਾਰਾਂ, ਕੂੜਿਆਰਾਂ ਤੇ ਖਾਰਾਬਾਂ ਦੀ ਸੰਗਤ ਕਰਦੇ ਹਨ। |
| ਇਕਿ ਹੋਦਾ ਖਾਇ ਚਲਹਿ ਐਥਾਊ, ਤਿਨਾ ਭਿ ਕਾਈ ਕਾਰ ॥ | ਹੋਂਦਾ, ਚਲਹਿੰ, ਐਥਾਊਂ, ਤਿਨਾਂ | ਇਕ ਅਜਿਹੇ ਹਨ ਜੋ ਕੋਲ ਹੁੰਦਾ ਪਦਾਰਥ ਖਾ ਕੇ ਇਥੋਂ ਕੂਚ ਕਰ ਜਾਂਦੇ ਹਨ; ਉਹਨਾਂ ਦੀ ਭੀ ਕੋਈ ਕਾਰ ਸੀ, ਭਾਵ ਨਹੀਂ ਸੀ ਭਾਵ ਉਹ ਬੇਕਾਰ ਕਾਰ ਕਰਕੇ ਇਥੋਂ ਕੂਚ ਕਰ ਗਏ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਜਲਿ ਥਲਿ ਜੀਆ ਪੁਰੀਆ ਲੋਆ, ਆਕਾਰਾ ਆਕਾਰ ॥ | ਜੀਆਂ, ਪੁਰੀਆਂ, ਲੋਆਂ, ਆਕਾਰਾਂ | |
| ਓਇ ਜਿ ਆਖਹਿ, ਸੁ ਤੂੰ ਹੈ ਜਾਣਹਿ, ਤਿਨਾ ਭਿ ਤੇਰੀ ਸਾਰ ॥ | ਆਖਹਿੰ, ਹੈਂ, ਜਾਣਹਿੰ, ਤਿਨਾਂ | |
| ਨਾਨਕ, ਭਗਤਾ ਭੁਖ ਸਾਲਾਹਣੁ, ਸਚੁ ਨਾਮੁ ਆਧਾਰੁ ॥ | ਭਗਤਾਂ | ਗੁਰੂ ਘਰ ਦੇ ਭਗਤਾਂ ਨੂੰ ਭੁਖ ਹੈ ਕਿ ਉਹ ਪਰਮਾਤਮਾ ਨੂੰ ਸਾਲਾਹਣ ਤੇ ਉਹਨਾਂ ਨੂੰ ਸਚ ਨਾਮ ਰੂਪੀ ਆਧਾਰ ਹੁੰਦਾ ਹੈ। |
| ਸਦਾ ਅਨੰਦਿ ਰਹਹਿ ਦਿਨੁ ਰਾਤੀ, ਗੁਣਵੰਤਿਆ ਪਾ ਛਾਰੁ ॥੧॥ | ਰਹਹਿੰ, ਗੁਣਵੰਤਿਆਂ | ਉਹ ਸਦਾ ਦਿਨ ਰਾਤ ਅਨੰਦ ਵਿਚ ਰਹਿੰਦੇ ਹਨ ਤੇ ਗੁਰਮਤਿ ਗੁਣਾਂ ਦੇ ਧਾਰਨੀ ਗੁਣਵੰਤਿਆਂ ਦੇ ਚਰਨਾਂ ਦੀ ਧੂੜ ਬਣਕੇ ਰਹਿੰਦੇ ਹਨ। |
| ਮਃ ੧ ॥ | ਮਃ = ਮਹੱਲਾ | ਮੁਸਲਮਾਨ ਮੁਰਦਿਆਂ ਨੂੰ ਦੱਬਦੇ ਹਨ ਅਤੇ ਸਸਕਾਰ ਕਰਨ ਨੂੰ ਬਹੁਤ ਗ਼ਲਤ ਸਮਝਦੇ ਹਨ। ਓੜਕ ਨੂੰ ਤਾਂ ਸਰੀਰ ਨੇ ਮਿੱਟੀ ਹੋਣਾ ਹੈ ਚਾਹੇ ਇਸ ਨੂੰ ਸਾੜੋ ਤੇ ਚਾਹੇ ਇਸ ਨੂੰ ਦੱਬੋ। ਮੁਸਲਮਾਨਾਂ ਦਾ ਵਹਿਮ ਕੱਢਨ ਲਈ ਗੁਰੂ ਸਾਹਿਬ ਇਸ ਸਲੋਕ ਰਾਹੀਂ ਦਸਦੇ ਹਨ ਕਿ ਜਦੋਂ ਕਬਰਾਂ ਪੁਰਾਣੀਆਂ ਹੋ ਜਾਂਦੀਆਂ ਹਨ ਤਾਂ ਘੁਮਿਆਰ ਉਹਨਾਂ ਕਬਰਾਂ ਦੀ ਮਿੱਟੀ ਨੂੰ ਭਾਂਡੇ ਘੜਨ ਵਾਸਤੇ ਲੈ ਆਉਂਦਾ ਹੈ। ਜਦੋਂ ਭਾਂਡੇ ਘੜ ਕੇ ਆਵੇ ਵਿਚ ਪਕਾਈਦੇ ਹਨ, ਉਦੋਂ ਵੀ ਤਾਂ ਇਕ ਕਿਸਮ ਨਾਲ ਮੁਸਲਮਾਨ ਦਾ ਮਿੱਟੀ ਹੋਇਆ ਸਰੀਰ ਸੜਦਾ ਹੀ ਹੈ ਨਾ। ਸੋ ਇਸ ਸਲੋਕ ਰਾਹੀਂ ਹਜ਼ੂਰ, ਮੁਸਲਮਾਨਾਂ ਦਾ ਇਹ ਵਹਿਮ ਕਢਦੇ ਹਨ ਕਿ ਸਸਕਾਰ ਕਰਨ ਨਾਲ ਜੀਵ ਦੀ ਗਤੀ ਨਹੀਂ ਹੁੰਦੀ। |
| ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ ॥ | ਮਿੱਟੀ | ਮੁਸਲਮਾਨ ਦੀ ਕਬਰ ਦੀ ਮਿੱਟੀ ਘੁਮਿਆਰ ਦੇ ਵਸ ਪੈ ਗਈ। |
| ਘੜਿ, ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ ॥ | ਇਟਾਂ, ਕੀਆਂ | ੧. ਘੁਮਿਆਰ ਨੇ ਮਿੱਟੀ ਨੂੰ ਘੜ ਕੇ ਭਾਂਡੇ ਤੇ ਇਟਾਂ ਬਣਾਈਆਂ, ਅਤੇ ਭਾਂਡੇ ਘੜਣ ਤੋਂ ਉਪਰੰਤ ਜਦੋਂ ਭਾਂਡੇ ਪਕਾਉਣ ਲਈ ਆਵੇ ਵਿਚ ਪਾਏ ਗਏ ਤਾਂ ਮਾਨੋ ਸੜਦੀ ਹੋਈ ਮਿੱਟੀ ਪੁਕਾਰ ਕਰਦੀ ਹੈ।<br>੨. 'ਜਲਦੀ' ਦਾ ਭਾਵ ਹੈ ਸੜਦੀ ਹੋਈ ਨਾ ਕੇ 'ਜਲ ਦੀ' (ਪਾਣੀ ਦੀ) ਜਾਂ ਜਲਦੀ (ਛੇਤੀਂ)। ਜੀਵ ਆਤਮਾ ਸੜਦੀ ਹੋਈ ਪੁਕਾਰ ਕਰਦੀ ਹੈ। |
| ਜਲਿ ਜਲਿ ਰੋਵੈ ਬਪੁੜੀ, ਝੜਿ ਝੜਿ ਪਵਹਿ ਅੰਗਿਆਰ ॥ | ਪਵਹਿੰ | ਉਹ ਵਿਚਾਰੀ ਮਿੱਟੀ ਸੜ ਸੜ ਕੇ ਰੋਂਦੀ ਹੈ, ਜਦੋਂ ਝੜ ਝੜ ਕੇ ਅੰਗਾਰੇ ਮਿੱਟੀ ਤੇ ਪੈਂਦੇ ਹਨ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਨਾਨਕ, ਜਿਨਿ ਕਰਤੈ ਕਾਰਣੁ ਕੀਆ, ਸੋ ਜਾਣੈ ਕਰਤਾਰੁ ॥੨॥ | | ਗੁਰੂ ਸਾਹਿਬ ਮੋਹਰ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਜਿਸ ਕਰਤੇ ਨੇ ਕਾਰਣ ਕੀਤਾ ਹੈ ਉਹੀ ਜਾਣਦਾ ਹੈ ਭਾਵ ਜਿਸ ਕਰਤੇ ਵਾਹਿਗੁਰੂ ਦੇ ਹੁਕਮ ਵਿਚ ਮੁਸਲਮਾਨ ਦੀ ਮਿੱਟੀ ਓੜਕ ਘੁਮਿਆਰ ਵਲੋਂ ਸਾੜੀ ਜਾਂਦੀ ਹੈ, ਉਹੀ ਜਾਣਦਾ ਹੈ ਕਿ ਅਜਿਹਾ ਕਿਉਂ ਹੁੰਦਾ ਹੈ। ਵਾਹਿਗੁਰੂ ਦੀਆਂ ਬਾਤਾਂ ਉਹੀ ਜਾਣਦਾ ਹੈ। |
| ਪਉੜੀ ॥ | | |
| ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ ॥ | | ਸਤਿਗੁਰ ਤੋਂ ਬਿਨਾਂ ਨਾ ਕਿਸੇ ਨੇ ਪਾਇਆ ਸੀ, ਤੇ ਸਤਿਗੁਰ ਤੋਂ ਬਗੈਰ ਨਾ ਹੀ ਹੁਣ ਕਿਸੇ ਨੇ ਪਾਇਆ ਹੈ। |
| ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥ | | ਅਕਾਲ ਪੁਰਖ ਨੇ ਆਪਣਾ ਆਪਾ (ਆਪੁ) ਸਤਿਗੁਰ ਵਿਚ ਰਖਿਆ ਹੈ। |
| ਸਤਿਗੁਰ ਮਿਲਿਐ ਸਦਾ ਮੁਕਤੁ ਹੈ, ਜਿਨਿ ਵਿਚਹੁ ਮੋਹੁ ਚੁਕਾਇਆ ॥ | ਮਿਲਿਐਂ, ਵਿਚਹੁੰ | ਸਤਿਗੁਰ ਨੂੰ ਮਿਲ ਕੇ ਉਹ ਸਦਾ ਮੁਕਤ ਹੁੰਦਾ ਹੈ ਜੋ ਆਪਣੇ ਅੰਦਰੋ ਮੋਹ ਨੂੰ ਚੁਕਾ ਦਿੰਦੇ ਹਨ। |
| ਉਤਮੁ ਏਹੁ ਬੀਚਾਰੁ ਹੈ, ਜਿਨਿ ਸਚੇ ਸਿਉ ਚਿਤੁ ਲਾਇਆ ॥ | ਸਿਉਂ | ਇਹ ਉਤਮ ਵਿਚਾਰ ਹੈ ਜਿਸ ਨੇ ਸਚੇ ਨਾਲ ਚਿਤ ਲਾਇਆ ਹੈ ਅਤੇ… |
| ਜਗਜੀਵਨੁ ਦਾਤਾ ਪਾਇਆ ॥੬॥ | | …ਜਗ ਦਾ ਜੀਵਨ, ਦਾਤਾ ਪਰਮਾਤਮਾ ਪਾ ਲਿਆ ਹੈ। |
| ਗੁਰਮੁਖਿ ਪਿਆਰੇ, ਆਇ ਮਿਲੁ, ਮੈ ਚਿਰੀ ਵਿਛੁੰਨੇ ਰਾਮ ਰਾਜੇ ॥ | ਚਿਰੀਂ | ੧. ਗੁਰਮੁਖਿ ਦਾ ਭਾਵ ਇਥੇ ਮੁਖੀ ਗੁਰੂ – ਅਕਾਲ ਪੁਰਖ ਹੈ ਨਾ ਕਿ ਗੁਰਸਿਖ। ਸਾਰੇ ਛੰਤ ਵਿਚ ਪਰਮਾਤਮਾ ਨੂੰ ਮਿਲਣ ਦੀ ਗੱਲ ਹੈ ਨਾ ਕਿ ਗੁਰਸਿਖ ਨੂੰ।<br>੨. ਹੇ ਗੁਰਮੁਖਿ ਪਿਆਰ (ਮਖੀ ਗੁਰੂ) ਮੈਨੂੰ ਚਿਰਾਂ ਤੋਂ ਵਿਛੁੜੇ ਨੂੰ ਆਇ ਮਿਲ। |
| ਮੇਰਾ ਮਨੁ ਤਨੁ ਬਹੁਤੁ ਬੈਰਾਗਿਆ, ਹਰਿ ਨੈਣ ਰਸਿ ਭਿੰਨੇ ॥ | | ਮੇਰਾ ਮਨ ਤਨ ਬਹੁਤ ਬੈਰਾਗਿਆ ਹੋਇਆ ਹੈ, ਨੈਣ ਹਰੀ ਦੇ ਰਸ ਨਾਲ ਭਿਜੇ ਹੋਏ ਹਨ। |
| ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ, ਮਿਲਿ ਹਰਿ, ਮਨੁ ਮੰਨੇ ॥ | ਮੈਂ | ੧. 'ਪ੍ਰਭੁ' ਦਾ ਸੰਬੰਧ 'ਗੁਰ' ਨਾਲ ਹੈ ਨਾ ਕਿ 'ਹਰਿ' ਨਾਲ ਕਿਉਂਕਿ ਹਰਿ ਨੂੰ ਤਾਂ ਸੰਬੋਧਨ ਰੂਪ ਵਿਚ ਬੇਨਤੀ ਹੈ ਕਿ ਮੈਨੂੰ ਪਿਆਰਾ ਗੁਰ-ਪ੍ਰਭ ਦਸਿ, ਜਿਸ ਨੂੰ ਮਿਲ ਕੇ, ਹੇ ਹਰੀ, ਮੇਰਾ ਮਨ ਮੰਨਦਾ ਹੈ।<br>੨. ਜੇਕਰ 'ਪ੍ਰਭ' ਦਾ ਸੰਬੰਧ 'ਹਰਿ' ਨਾਲ ਹੁੰਦਾ ਤਾਂ ਸੰਬੋਧਨ ਰੂਪ ਵਿਚ ਹੋਣ ਕਰਕੇ ਇਸ ਨਾਂਵ ਦਾ ਛੇਕੜਲਾ ਔਂਕੜ ਉਡ ਜਾਣਾ ਸੀ। |
| ਹਉ ਮੂਰਖੁ ਕਾਰੈ ਲਾਈਆ, ਨਾਨਕ, ਹਰਿ ਕੰਮੇ ॥੩॥ | ਹਉਂ | ੧. ਮੈਂ ਮੂਰਖ (ਸਚੀ) ਕਾਰੇ ਲਾਇਆ ਜਾਵਾਂ, ਹਰਿ ਕੰਮੇ ਲਾਇਆ ਜਾਵਾਂ।<br>੨. 'ਲਾਈਆ' ਦੇਹਲੀ ਦੀਪਕ ਹੈ ਤੇ ਇਸ ਦਾ ਸੰਬੰਧ 'ਕਾਰੈ' ਅਤੇ 'ਕੰਮੇ' ਨਾਲ ਹੈ। ਕਾਰੇ ਲਾਇਆ ਜਾਵਾਂ ਹਰਿ ਕੰਮੇ ਲਾਇਆ ਜਾਵਾਂ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਸਲੋਕ ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਗੁਰਾਂ ਨੇ ਦਸਿਆ ਹੈ ਕਿ ਕਿਵੇਂ ਸਾਰੀ ਸ੍ਰਿਸ਼ਟੀ ਹੀ ਹਉਮੈ ਵਿਚ ਸਭ ਕੰਮ ਕਰਦੀ ਹੈ। ਸਭ ਦੁਨਿਆਵੀ ਕੰਮ ਹਉਮੈ ਵਿਚ ਹੀ ਹੋ ਰਹੇ ਹਨ। ਹਉਂ ਦਾ ਅਖਰੀ ਅਰਥ ਹੈ - ਮੈਂ। |
| ਹਉ ਵਿਚਿ ਆਇਆ, ਹਉ ਵਿਚਿ ਗਇਆ ॥ | ਹਉਂ, ਹਉਂ | |
| ਹਉ ਵਿਚਿ ਜੰਮਿਆ, ਹਉ ਵਿਚਿ ਮੁਆ ॥ | ਹਉਂ, ਹਉਂ | |
| ਹਉ ਵਿਚਿ ਦਿਤਾ, ਹਉ ਵਿਚਿ ਲਇਆ ॥ | ਹਉਂ, ਹਉਂ | |
| ਹਉ ਵਿਚਿ ਖਟਿਆ, ਹਉ ਵਿਚਿ ਗਇਆ ॥ | ਹਉਂ, ਹਉਂ | |
| ਹਉ ਵਿਚਿ, ਸਚਿਆਰੁ, ਕੂੜਿਆਰੁ ॥ | ਹਉਂ | ਦੁਨਿਆਵੀ ਸਚੇ ਤੇ ਝੂਠੇ ਲੋਕ ਵੀ ਹਉਂ ਵਿਚ ਹੀ ਹਨ। |
| ਹਉ ਵਿਚਿ, ਪਾਪ ਪੁੰਨ ਵੀਚਾਰੁ ॥ | ਹਉਂ | ਪਾਪਾਂ ਤੇ ਪੁਨਾਂ ਦਾ ਵਿਚਾਰ ਵੀ ਹਉਂ ਵਿਚ ਹੈ। |
| ਹਉ ਵਿਚਿ, ਨਰਕਿ ਸੁਰਗਿ ਅਵਤਾਰੁ ॥ | ਹਉਂ, ਹਉਂ | ਹਉਂ ਵਿਚ ਨਰਕ ਅਤੇ ਸੁਰਗ ਵਿਖੇ ਜਨਮ ਹੁੰਦੇ ਹਨ। |
| ਹਉ ਵਿਚਿ ਹਸੈ, ਹਉ ਵਿਚਿ ਰੋਵੈ ॥ | ਹਉਂ, ਹਉਂ | ਦੁਨਿਆਵੀ ਤੌਰ ਤੇ ਜੀਵ ਹੱਸਦਾ ਤੇ ਰੋਂਦਾ ਵੀ ਹਉਂ ਵਿਚ ਹੀ ਹੈ। |
| ਹਉ ਵਿਚਿ ਭਰੀਐ, ਹਉ ਵਿਚਿ ਧੋਵੈ ॥ | ਹਉਂ, ਹਉਂ | ਹਉਂ ਵਿਚ ਹੀ ਮੈਲ ਭਰਦਾ ਹੈ ਤੇ ਹਉਂ ਵਿਚ ਹੀ ਧੋਂਦਾ ਹੈ। |
| ਹਉ ਵਿਚਿ, ਜਾਤੀ ਜਿਨਸੀ ਖੋਵੈ ॥ | | ੧. ਜਾਤੀਆਂ ਜਿਨਸਾਂ ਦਾ ਅਭਿਮਾਨ ਅਤੇ ਤਿਆਗ ਦੋਨੋ ਹਉਮੈਂ ਦਾ ਹੀ ਹਿੱਸਾ ਹੈ।<br>੨. ਜਾਤੀ ਜਿਨਸੀ ਇਥੇ ਦੇਹੁਲੀ ਦੀਪਕ ਦਾ ਕੰਮ ਦਿੰਦੇ ਹਨ। ਪੰਕਤੀ ਦਾ ਅਰਥ ਇਸ ਤਰਾਂ ਅਨਵੈ ਹੁੰਦਾ ਹੈ: ਹਉਂ ਵਿਚ ਜਾਤੀ ਜਿਨਸੀ ਵਿਚ (ਅਭਿਮਾਨ ਵਿਚ), ਅਤੇ ਹਉ ਵਿਚ ਜਾਤੀ ਜਿਨਸੀ (ਦਾ ਅਭਿਮਾਨ) ਖੋਵੈ। 'ਅਭਿਮਾਨ' ਪਦ ਇਥੇ ਗੁਪਤ ਪਿਆ ਹੈ। |
| ਹਉ ਵਿਚਿ ਮੂਰਖੁ, ਹਉ ਵਿਚਿ ਸਿਆਣਾ ॥ | ਹਉਂ, ਹਉਂ | ਮੂਰਖ ਤੇ ਸਿਆਣਾ ਦੋਨੋਂ ਹਉਂ ਵਿਚ ਹੀ ਹਨ। |
| ਮੋਖ ਮੁਕਤਿ ਕੀ ਸਾਰ, ਨ ਜਾਣਾ ॥ | ਹਉਂ, ਹਉਂ | ਮੋਖ ਮੁਕਤੀ ਦੀ ਸਾਰ ਕੋਈ ਨਹੀਂ ਜਾਣਦਾ (ਹਉਂ ਵਿਚ ਜੋ ਹੋਏ) |
| ਹਉ ਵਿਚਿ ਮਾਇਆ, ਹਉ ਵਿਚਿ ਛਾਇਆ ॥ | ਹਉਂ, ਹਉਂ | |
| ਹਉਮੈ ਕਰਿ ਕਰਿ, ਜੰਤ ਉਪਾਇਆ ॥ | | |
| ਹਉਮੈ ਬੂਝੈ, ਤਾ ਦਰੁ ਸੂਝੈ ॥ | ਤਾਂ | ੧. ਜਦੋਂ ਹਉਮੈ ਬੁਝਦੀ ਹੈ ਭਾਵ ਖਤਮ ਹੁੰਦੀ ਹੈ ਤਾਂ ਪਰਮਾਤਮਾ ਦੇ ਦਰ ਦੀ ਸੋਝੀ ਹੁੰਦੀ ਹੈ।<br>੨. ਕਈ 'ਬੂਝੈ' ਦਾ ਅਰਥ ਬੁਝ ਲੈਣਾ ਭਾਵ ਜਾਣ ਲੈਣਾ ਕਰਦੇ ਹਨ ਪਰ ਇਹ ਅਰਥ ਅਪ੍ਰਸੰਗਕ ਹਨ ਕਿਉਂਕਿ ਹੋਰ ਅਨੇਕਾਂ ਗੁਰਬਾਣੀ ਪੰਕਤੀਆਂ ਹਉਮੈ ਨੂੰ ਸਾੜਨ, ਜਲਾਉਣ ਜਾਂ ਖਤਮ ਕਰਨ ਬਾਰੇ ਮੌਜੂਦ ਹਨ। |
| ਗਿਆਨ ਵਿਹੂਣਾ, ਕਥਿ ਕਥਿ ਲੂਝੈ ॥ | | ਗੁਰਮਤਿ ਗਿਆਨ ਤੋਂ ਵਿਹੂਣਾ ਮਨੁਖ ਬੋਲ ਬੋਲ ਕੇ ਝਗੜਾ ਕਰਦਾ ਹੈ, ਬਹਿਸ ਮੁਬਾਹਿਸੇ ਕਰਦਾ ਹੈ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਨਾਨਕ, ਹੁਕਮੀ ਲਿਖੀਐ ਲੇਖੁ ॥ | | |
| ਜੇਹਾ ਵੇਖਹਿ, ਤੇਹਾ ਵੇਖੁ ॥੧॥ | ਵੇਖਹਿਂ | ੧. 'ਵੇਖਹਿ' ਕਿਰਿਆਵਾਚੀ ਸ਼ਬਦ ਹੈ ਤੇ 'ਵੇਖੁ' ਨਾਂਵ ਹੈ। 'ਵੇਖੁ' ਦਾ ਭਾਵ ਹੈ ਦਿਸ ਰਿਹਾ ਨਜ਼ਾਰਾ, ਦ੍ਰਿਸ਼।<br>੨. ਜਿਸ ਤਰ੍ਹਾਂ ਹੇ ਜੀਵ ਤੂੰ ਇਸ ਦੁਨੀਆਂ ਨੂੰ ਦੇਖਦਾ ਹੈਂ, ਉਸੇ ਤਰ੍ਹਾਂ ਦਾ ਨਜ਼ਾਰਾ ਭਾਵ ਦ੍ਰਿਸ਼ ਤੈਨੂੰ ਨਜ਼ਰ ਆਵੇਗਾ। ਮਸਲਨ, 'ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ।' |
| ਮਹਲਾ ੨ ॥ | ਮਹੱਲਾ | ਇਸ ਸਲੋਕ ਵਿਚ ਹਉਮੈ ਦੇ ਸੰਬੰਧ ਵਿਚ ਮਹਿਤਵਪੂਰਨ ਜਾਣਕਾਰੀ ਹੈ ਤੇ ਦਸਿਆ ਗਿਆ ਹੈ ਕਿ ਹਉਮੈ ਦੀ ਉਤਪਤੀ ਕਿਵੇਂ ਹੁੰਦੀ ਹੈ ਤੇ ਇਸਦਾ ਇਲਾਜ ਕੀ ਹੈ। |
| ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ ॥ | ਕਮਾਹਿਂ | 'ਜਾਤਿ' ਦਾ ਅਰਥ ਇਥੇ ਹੈ ਉਤਪਤੀ ਨਾ ਕਿ ਜਾਤਿ ਪਾਤਿ। ਅਰਥ ਹੈ, ਇਸ ਹਉਮੈ ਕਰਕੇ ਹੀ ਉਤਪਤੀ (ਜਾਤਿ) ਹੈ ਤੇ ਇਸ ਹਉਮੈ ਕਰਕੇ ਹੀ ਜੀਵ ਕਰਮ ਕਮਾਉਂਦੇ ਹਨ ਤੇ ਇਹਨਾਂ ਕਰਮਾਂ ਕਰਕੇ ਹੀ... |
| ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ ॥ | ਪਾਹਿਂ | ਹਉਮੈ ਕਰਕੇ ਹੀ ਜੀਵ ਦੇ ਬੰਧਨ ਹਨ ਤੇ ਉਹ ਬਾਰ ਬਾਰ ਜੋਨੀਆਂ ਵਿਚ ਆਉਂਦਾ ਹੈ। |
| ਹਉਮੈ ਕਿਥਹੁ ਊਪਜੈ, ਕਿਤੁ ਸੰਜਮਿ, ਇਹ ਜਾਇ ॥ | ਕਿਥਹੁਂ | ਹਉਮੈਂ ਕਿਵੇਂ ਉਪਜਦੀ ਹੈ ਤੇ ਕਿਹੜੇ ਸੰਜਮ ਰਾਹੀਂ ਜਾਂਦੀ ਹੈ? |
| ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ ॥ | ਪਇਐਂ, ਫਿਰਾਹਿਂ | ਹਉਮੈਂ ਹੁਕਮ ਹੈ ਤੇ ਹਉਮੈ ਵਿਚ ਪੈਣ ਕਰਕੇ, ਕਿਰਤ ਦੇ ਬੱਝੇ ਹੋਏ ਜੀਵ ਫਿਰਾਏ ਜਾਂਦੇ ਹਨ। |
| ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ॥ | ਮਾਹਿਂ | ਹਉਮੈ ਇਕ ਲੰਬਾ ਰੋਗ ਹੈ ਪਰ ਇਸ ਦਾ ਦਾਰੂ ਭੀ ਇਸ ਵਿਚ ਹੀ ਹੈ। ਹਉਮੈ ਦਾ ਰੂਪ ਹੀ ਹੈ ਜੋ ਜੀਵ ਨੂੰ ਇਹ ਪ੍ਰੇਰਣਾ ਕਰਾਉਂਦਾ ਹੈ ਕਿ ਮੈਂ ਆਪਣਾ ਉਧਾਰ ਕਰਾਂ, ਮੈਂ ਇਥੋਂ ਛੁਟ ਜਾਵਾਂ ਆਦਿ। ਆਪਣਾ ਉਧਾਰ ਕਰਾਉਣ ਬਾਰੇ ਸੋਚਣਾ ਇਕ ਕਿਸਮ ਦੀ ਹਉਮੈ ਹੈ ਪਰ ਇਹ ਚੰਗੀ ਹਉਮੈ ਹੈ ਜੋ ਜੀਵ ਦਾ ਉਧਾਰ ਕਰਨ ਦਾ ਕਾਰਨ ਬਣਦੀ ਹੈ। |
| ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥ | ਸ਼ਬਦੁ, ਕਮਾਹਿਂ | ਜੇ ਪਰਮਾਤਮਾ ਕਿਰਪਾ ਕਰੇ ਤਾਂ ਇਹ ਜੀਵ ਆਪਣੇ ਉਧਾਰ ਲਈ ਗੁਰ ਕਾ ਸ਼ਬਦ ਕਮਾਉਂਦਾ ਹੈ ਤੇ ... |
| ਨਾਨਕੁ ਕਹੈ, ਸੁਣਹੁ ਜਨਹੁ, ਇਤੁ ਸੰਜਮਿ, ਦੁਖ ਜਾਹਿ ॥੨॥ | ਜਾਹਿਂ | ੧. ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਹੇ ਜਨੋ, ਹੇ ਗੁਰਸਿਖੋ, ਇਸ ਸੰਜਮ ਨਾਲ (ਪਿਛਲੀ ਪੰਕਤੀ ਵਿਚ ਦਸੇ ਸੰਜਮ ਨਾਲ) ਦੁਖ ਜਾਂਦੇ ਹਨ।<br>੨. ਮਾਸਟਰ ਜਸਵੰਤ ਸਿੰਘ ਜੀ ਅਨੁਸਾਰ, 'ਦੁਖ ਜਾਹਿ' ਦੀ ਥਾਂ ਤੇ ਕਈ ਪੁਰਾਤਨ ਸਰੂਪਾਂ ਵਿਚ ਪਾਠ 'ਦੁਖੁ ਜਾਇ' ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਪਉੜੀ ॥ | | ਇਸ ਪਉੜੀ ਵਿਚ ਨਾਮ ਦੇ ਰਸਤੇ ਤੇ ਤੁਰੇ ਹੋਏ ਸੰਤੋਖੀ ਸਚਿਆਰ ਗੁਰਸਿਖਾਂ ਦੀ ਗਤਿ ਬਿਆਨ ਕੀਤੀ ਗਈ ਹੈ। |
| ਸੇਵ ਕੀਤੀ ਸੰਤੋਖੀਈਂ, ਜਿਨ੍ਹੀ ਸਚੋ ਸਚੁ ਧਿਆਇਆ ॥ | ਜਿਨੀਂ | ੧. 'ਸੰਤੋਖੀਈਂ' ਦਾ ਅਰਥ ਹੈ ਸੰਤੋਖੀਆਂ ਨੇ।<br>੨. ਜਿਨਾਂ ਸੰਤੋਖੀਆਂ ਨੇ ਸਚੋ ਸਚ ਧਿਆਇਆ ਹੈ ਉਹਨਾਂ ਨੇ ਹੀ ਸੇਵਾ ਕੀਤੀ ਹੈ। |
| ਓਨ੍ਹੀ ਮੰਦੈ ਪੈਰੁ ਨ ਰਖਿਓ, ਕਰਿ ਸੁਕ੍ਰਿਤੁ, ਧਰਮੁ ਕਮਾਇਆ ॥ | 'ਓਨ੍ਹੀਂ | ਉਹਨਾਂ ਨੇ ਕਦੇ ਮੰਦੇ ਪਾਸੇ ਪੈਰ ਨਹੀਂ ਰਖਿਆ (ਭਾਵ ਪਾਪ ਕਰਮ ਨਹੀਂ ਕੀਤੇ) ਤੇ ਗੁਰਮਤਿ ਰੂਪੀ ਸੁਕ੍ਰਿਤ ਕਮਾਈ ਕਰਕੇ ਧਰਮ ਕਮਾਇਆ ਹੈ। |
| ਓਨ੍ਹੀ ਦੁਨੀਆ ਤੋੜੇ ਬੰਧਨਾ, ਅੰਨੁ ਪਾਣੀ ਥੋੜਾ ਖਾਇਆ ॥ | 'ਓਨ੍ਹੀਂ | ਉਹਨਾਂ ਨੇ ਦੁਨੀਆ ਦੇ ਬੰਧਨ ਤੋੜ ਦਿਤੇ ਹਨ ਤੇ ਅੰਨ ਪਾਣੀ ਥੋੜਾ ਹੀ ਖਾਧਾ ਹੈ ਭਾਵ ਦੁਨੀਆਵੀ ਰਸਾਂ ਕਸਾਂ ਵੱਲ ਰੁਝਾਨ ਨਹੀਂ ਕੀਤਾ। |
| ਤੂੰ ਬਖਸੀਸੀ ਅਗਲਾ, ਨਿਤ ਦੇਵਹਿ, ਚੜਹਿ ਸਵਾਇਆ ॥ | ਬਖਸ਼ੀਸ਼ੀ, ਦੇਵਹਿੰ, ਚੜਹਿੰ | ਤੂੰ ਉਹਨਾਂ ਤੇ ਵਡਾ ਬਖਸ਼ਿਸ਼ ਕਰਨ ਵਾਲਾ ਹੈਂ ਤੇ ਉਹਨਾਂ ਨੂੰ ਪਦਾਰਥ ਨਿਤ ਦਿੰਦਾ ਹੈਂ ਤੇ ਉਹਨਾਂ ਦੇ ਇਹ ਇਲਾਹੀ ਪਦਾਰਥ ਬਹੁਤ ਵਧਦੇ ਹਨ। |
| ਵਡਿਆਈ, ਵਡਾ ਪਾਇਆ ॥੭॥ | | ਵਡਿਆਈ (ਸਿਫਤਿ ਸਾਲਾਹ) ਰਾਹੀਂ ਵਡਾ ਪਰਮਾਤਮਾ ਪਾਇਆ ਜਾਂਦਾ ਹੈ। |
| ਗੁਰ ਅੰਮ੍ਰਿਤ ਭਿੰਨੀ ਦੇਹੁਰੀ, ਅੰਮ੍ਰਿਤੁ ਬੁਰਕੇ ਰਾਮ ਰਾਜੇ ॥ | ਬੁਰੱਕੇ | ੧. ਗੁਰੂ ਦੀ ਅੰਮ੍ਰਿਤ ਨਾਲਿ ਭਿੱਜੀ ਹੋਈ ਦੇਹੀ, ਗੁਰਸਿਖਾਂ ਤੇ ਅੰਮ੍ਰਿਤ ਦੇ ਛਿਟੇ ਛਿੜਕਦੀ ਹੈ। ਇਥੇ ਰਹਸਮਈ ਅੰਮ੍ਰਿਤ ਛਿੜਕਣ ਦੀ ਗੱਲ ਵੀ ਹੈ ਤੇ ਗੁਰਬਾਣੀ ਰੂਪੀ ਅੰਮ੍ਰਿਤ ਛਿੜਕਣ ਦੀ ਗੱਲ ਵੀ ਹੈ।<br>੨. ਆਮ ਦੇਖਣ ਵਿਚ ਆਉਂਦਾ ਹੈ ਕਿ 'ਬੁਰਕੇ' ਦਾ ਉਚਾਰਨ 'ਬੁਰੱਕੇ' ਨਹੀਂ ਕੀਤਾ ਜਾਂਦਾ। 'ਬੁਰੱਕੇ' ਦਾ ਭਾਵ ਹੈ ਤਿਰਾਉਂਕਣਾ ਜਾਂ ਛਿੜਕਣਾ। ਬੁਰਕੇ (ਬਿਨਾ ਅੱਧਕ ਦੇ) ਕੋਈ ਲ਼ਫ਼ਜ਼ ਨਹੀਂ ਹੈ। |
| ਜਿਨਾ ਗੁਰਬਾਣੀ ਮਨਿ ਭਾਈਆ, ਅੰਮ੍ਰਿਤਿ ਛਕਿ ਛਕੇ ॥ | ਜਿਨਾਂ | ੧. ਜਿਨਾਂ ਨੂੰ ਗੁਰਬਾਣੀ ਮਨ ਕਰੇ ਭਾਈ (ਚੰਗੀ ਲਗੀ) ਹੈ, ਉਹ ਇਸ ਅੰਮ੍ਰਿਤ ਰਾਹੀਂ ਅੰਮ੍ਰਿਤ ਜਲ ਛਕ ਕੇ, ਤ੍ਰਿਪਤਿ ਹੋ ਗਏ ਹਨ।<br>੨. 'ਅੰਮ੍ਰਿਤਿ' ਇਥੇ ਦੇਹੁਲੀ ਦੀਪਕ ਹੈ ਜਿਸ ਦਾ ਭਾਵ ਗੁਰਬਾਣੀ ਰੂਪੀ ਅੰਮ੍ਰਿਤ ਅਤੇ ਨਾਮ ਰੂਪੀ ਅੰਮ੍ਰਿਤ ਹੈ। ਗੁਰਬਾਣੀ ਰੂਪੀ ਅੰਮ੍ਰਿਤ ਰਾਹੀਂ ਨਾਮ ਰੂਪੀ ਅੰਮ੍ਰਿਤ ਜਲ ਪ੍ਰਾਪਤਿ ਹੁੰਦਾ ਹੈ ਜਿਸ ਨੂੰ ਛਕ ਕੇ, ਛਕੇ (ਭਾਵ ਤ੍ਰਿਪਤਿ) ਹੋਈਦਾ ਹੈ। |
| ਗੁਰ ਤੁਠੈ ਹਰਿ ਪਾਇਆ, ਚੂਕੇ ਧਕ ਧਕੇ ॥ | | ਗੁਰ ਦੇ ਤੁਠਣ ਕਰਕੇ ਹਰਿ ਪਾਇਆ ਹੈ ਤੇ ਸਭ ਧਕੇ (ਭਟਕਣ) ਖਤਮ ਹੋ ਗਏ ਹਨ। |
| ਹਰਿ ਜਨੁ ਹਰਿ ਹਰਿ ਹੋਇਆ, ਨਾਨਕੁ ਹਰਿ ਇਕੇ ॥੪॥੯॥੧੬॥ | | ਹਰਿਜਨ ਨਾਮ (ਹਰਿ ਹਰਿ) ਰੂਪ ਹੀ ਹੋ ਗਿਆ ਹੈ ਤੇ ਉਸ ਨੂੰ ਪਛਾਣ ਹੋ ਗਈ ਹੈ ਕਿ ਗੁਰੂ ਨਾਨਕ ਸਾਹਿਬ ਤੇ ਹਰੀ ਇਕੇ ਰੂਪ ਹਨ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਸਲੋਕ ਮः ੧ ॥ | ਮः = ਮਹੱਲਾ | ਇਸ ਸਲੋਕ ਵਿਚਲੇ ਬਿੰਦੀ ਅੰਤਲੇ ਵਾਲੇ ਬਹੁਵਚਨ ਨਾਂਵ ਵਾਲੇ ਸ਼ਬਦਾਂ ਦੇ ਅਖੀਰ ਵਿਚ 'ਦੀ' ਸੰਬੰਧਕੀ ਪਦ ਮਫਹੂਮ ਹੈ। ਇਸੇ ਕਰਕੇ ਹੀ ਅਖੀਰਲਿਆਂ ਕੰਨਿਆਂ ਤੇ ਬਿੰਦਾ ਲਗਿਆ ਹੋਇਆ ਹੈ। |
| ਪੁਰਖਾਂ, ਬਿਰਖਾਂ, ਤੀਰਥਾਂ, ਤਟਾਂ, ਮੇਘਾਂ, ਖੇਤਾਂਹ ॥ | | |
| ਦੀਪਾਂ, ਲੋਆਂ, ਮੰਡਲਾਂ, ਖੰਡਾਂ, ਵਰਭੰਡਾਂਹ ॥ | | |
| ਅੰਡਜ, ਜੇਰਜ, ਉਤਭੁਜਾਂ, ਖਾਣੀ ਸੇਤਜਾਂਹ ॥ | | |
| ਸੋ ਮਿਤਿ ਜਾਣੈ, ਨਾਨਕਾ, ਸਰਾਂ ਮੇਰਾਂ ਜੰਤਾਹ ॥ | | |
| ਨਾਨਕ, ਜੰਤ ਉਪਾਇ ਕੈ, ਸੰਮਾਲੇ ਸਭਨਾਹ ॥ | ਸਭਨਾਂਹ | |
| ਜਿਨਿ ਕਰਤੈ ਕਰਣਾ ਕੀਆ, ਚਿੰਤਾ ਭਿ ਕਰਣੀ ਤਾਹ ॥ | | ਜਿਸ ਕਰਤੇ ਨੇ ਕਰਣਾ ਹੈ ਤੇ ਕੀਤਾ ਹੈ, ਚਿੰਤਾ ਭੀ ਉਸੇ ਨੂੰ ਹੀ ਹੈ। |
| ਸੋ ਕਰਤਾ ਚਿੰਤਾ ਕਰੇ, ਜਿਨਿ ਉਪਾਇਆ ਜਗੁ ॥ | | ਜਿਸ ਕਰਤੇ ਨੇ ਸੰਸਾਰ ਬਣਾਇਆ ਹੈ ਉਹੀ ਚਿੰਤਾ ਕਰਦਾ ਹੈ। |
| ਤਿਸੁ ਜੋਹਾਰੀ, ਸੁਅਸਤਿ ਤਿਸੁ, ਤਿਸੁ ਦੀਬਾਣੁ ਅਭਗੁ ॥ | ਜੋਹਾਰੀਂ | ੧. ਜੋਹਾਰੀ = ਨਮਸਕਾਰ; ਸੁਅਸਤਿ = ਜੈਕਾਰ।<br>੨. ਉਸ ਨੂੰ ਨਮਸਕਾਰ ਹੈ, ਉਸਦੀ ਜੈ ਜੈਕਾਰ ਹੈ, ਜਿਸ ਪਰਮਾਤਮਾ ਦਾ ਦਰਬਾਰ ਅਵਿਨਾਸ਼ੀ (ਅਭਗੁ) ਹੈ। |
| ਨਾਨਕ, ਸਚੇ ਨਾਮ ਬਿਨੁ, ਕਿਆ ਟਿਕਾ, ਕਿਆ ਤਗੁ ॥੧॥ | ਟਿੱਕਾ | |
| ਮः ੧ ॥ | ਮः = ਮਹੱਲਾ | |
| ਲਖ ਨੇਕੀਆ ਚੰਗਿਆਈਆ, ਲਖ ਪੁੰਨਾ ਪਰਵਾਣੁ ॥ | ਨੇਕੀਆਂ, ਚੰਗਿਆਈਆਂ, ਪੁੰਨਾਂ | |
| ਲਖ ਤਪ ਉਪਰਿ ਤੀਰਥਾਂ, ਸਹਜ ਜੋਗ ਬੇਬਾਣ ॥ | | |
| ਲਖ ਸੂਰਤਣ ਸੰਗਰਾਮ, ਰਣ ਮਹਿ ਛੁਟਹਿ ਪਰਾਣ ॥ | ਛੁਟਹਿਂ | |
| ਲਖ ਸੁਰਤੀ, ਲਖ ਗਿਆਨ ਧਿਆਨ, ਪੜੀਅਹਿ ਪਾਠ ਪੁਰਾਣ ॥ | ਸੁਰਤੀਂ, ਪੜੀਅਹਿਂ | |
| ਜਿਨਿ ਕਰਤੈ ਕਰਣਾ ਕੀਆ, ਲਿਖਿਆ ਆਵਣ ਜਾਣੁ ॥ | | |
| ਨਾਨਕ, ਮਤੀ ਮਿਥਿਆ, ਕਰਮੁ ਸਚਾ ਨੀਸਾਣੁ ॥੨॥ | ਮਤੀਂ, ਸੱਚਾ, ਨੀਸ਼ਾਣੁ | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਦੁਨਿਆਵੀ ਮੱਤਾਂ ਸਭ ਝੂਠੀਆਂ ਹਨ ਤੇ ਪਰਮਾਤਮਾ ਦਾ ਕਰਮ (ਫਜ਼ਲ) ਰੁਪੀ ਨਿਸ਼ਾਨ ਸੱਚ ਹੈ ਭਾਵ ਪਰਮਾਤਮਾ ਦੀ ਕਿਰਪਾ ਹੀ ਪ੍ਰਧਾਨ ਹੈ। ਇਹ ਅਰਥ ਠੀਕ ਨਹੀਂ ਕਿ ਉਹਦੇ ਕਰਮ ਦੁਆਰਾ ਸਚਾ ਨਿਸ਼ਾਨ ਪ੍ਰਾਪਤ ਹੁੰਦਾ ਹੈ ਕਿਉਂਕਿ 'ਕਰਮ' ਦੇ ਅਖੀਰ ਵਿਚ ਔਂਕੜ ਹੈ। |
| ਪਉੜੀ ॥ | | |
| ਸਚਾ ਸਾਹਿਬੁ ਏਕੁ ਤੂੰ, ਜਿਨਿ ਸਚੋ ਸਚੁ ਵਰਤਾਇਆ ॥ | ਸੱਚਾ | |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਜਿਸੁ ਤੂੰ ਦੇਹਿ, ਤਿਸੁ ਮਿਲੈ ਸਚੁ, ਤਾ, ਤਿਨ੍ਹੀ ਸਚੁ ਕਮਾਇਆ ॥ | ਦੇਹਿਂ, ਤਿਨ੍ਹੀਂ, ਤਾਂ | ੧. ਹੇ ਪਰਮਾਤਮਾ, ਜਿਸ ਨੂੰ ਤੂੰ ਦੇਵੇਂ, ਉਸੇ ਨੂੰ ਹੀ ਸਚ ਮਿਲਦਾ ਹੈ, ਤੇ ਉਹੀ ਸਚ ਕਮਾਉਂਦੇ ਹਨ।<br>੨. ਸਚ ਮਿਲਣ ਤੋਂ ਭਾਵ ਗੁਰ-ਦੀਖਿਆ ਵੇਲੇ ਨਾਮ ਗੁਰਮੰਤ੍ਰ ਦਾ ਹੈ ਤੇ ਸਚ ਕਮਾਉਣ ਦਾ ਭਾਵ ਨਾਮ ਦੀ ਕਮਾਈ ਕਰਨ ਤੋਂ ਹੈ। |
| ਸਤਿਗੁਰਿ ਮਿਲਿਐ ਸਚੁ ਪਾਇਆ, ਜਿਨ੍ ਕੈ ਹਿਰਦੈ ਸਚੁ ਵਸਾਇਆ ॥ | ਮਿਲਿਐਂ | ਸਤਿਗੁਰ ਨੂੰ ਮਿਲਿਆਂ ਉਹਨਾਂ ਨੇ ਹੀ ਨਾਮ ਰੂਪੀ ਸਚ ਦੀ ਪ੍ਰਾਪਤੀ ਕੀਤੀ ਹੈ ਜਿਹਨਾਂ ਦੇ ਹਿਰਦੇ ਵਿਚ ਸਤਿਗੁਰੂ ਨੇ ਨਾਮ ਟਿਕਾ ਦਿਤਾ ਹੈ। ਇਥੇ ਗੁਰ ਦੀਖਿਆ ਵੇਲੇ ਨਾਮ ਦ੍ਰਿੜਾਉਣ ਦੀ ਗਲ ਕੀਤੀ ਹੈ। |
| ਮੂਰਖ, ਸਚੁ ਨ ਜਾਣਨ੍ਹੀ, ਮਨਮੁਖੀ ਜਨਮੁ ਗਵਾਇਆ ॥ | ਮਨਮੁਖੀਂ | ਮੂਰਖ ਸੱਚ ਨਹੀਂ ਜਾਣਦੇ; ਅਜਿਹੇ ਮਨਮੁਖਾਂ ਨੇ ਆਪਣਾ ਜਨਮ ਗਵਾ ਲਿਆ ਹੈ। |
| ਵਿਚਿ ਦੁਨੀਆ, ਕਾਹੇ ਆਇਆ ॥੮॥ | | ਮੂਰਖ ਮਨਮੁਖ ਦੁਨੀਆ ਵਿਚ ਆਇਆ ਹੀ ਕਿਉਂ? |
| ਆਸਾ ਮਹਲਾ ੪ ॥ | ਮਹੱਲਾ | |
| ਹਰਿ ਅੰਮ੍ਰਿਤ ਭਗਤਿ ਭੰਡਾਰ, ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥ | ਹੈਂ | ੧. ਨੋਟ ਕਰੋ "ਹੈ" ਇਥੇ "ਪਾਸੇ" ਨਾਲ ਸੰਬੰਧਤ ਹੈ; ਅਰਥ ਹੈ - ਹਰੀ ਦੀ ਅੰਮ੍ਰਿਤਮਈ ਭਗਤੀ ਦੇ ਭੰਡਾਰੇ, ਗੁਰੂ ਸਤਿਗੁਰ ਪਾਸ ਹੈਨ।<br>੨. ਜਦੋਂ "ਹੈ" ਤੇ ਬਿਸ਼ਰਾਮ ਲਾਈਦਾ ਹੈ ਤਾਂ ਅਰਥ ਬਣਦਾ ਹੈ - ਹਰਿ ਦੀ ਅੰਮ੍ਰਿਤ ਭਗਤੀ ਭੰਡਾਰ ਹੈ ਭਾਵ ਖਜ਼ਾਨਾ ਹੈ, ਪਰ ਇਹ ਅਰਥ ਇਥੇ ਬਣਦਾ ਨਹੀਂ ਹੈ। ਤਾਂ ਤੇ, ਬਿਸ਼ਰਾਮ "ਭੰਡਾਰ" ਤੋਂ ਬਾਅਦ ਹੀ ਠੀਕ ਹੈ। |
| ਗੁਰੁ ਸਤਿਗੁਰੁ ਸਚਾ ਸਾਹੁ ਹੈ, ਸਿਖ ਦੇਇ ਹਰਿ ਰਾਸੇ ॥ | ਸ਼ਾਹੁ. ਰਾਸ਼ੇ | ੧. 'ਰਾਸ਼ੇ ਦਾ ਭਾਵ ਹੈ ਰਾਸ਼ੀ ਭਾਵ ਪੂੰਜੀ।<br>੨. ਸਤਿਗੁਰੂ ਸਚਾ ਸ਼ਾਹ ਹੈ ਜੋ ਸਿਖਾਂ ਨੂੰ ਸਚੀ ਹਰਿ-ਰਾਸ਼ੀ ਦਿੰਦਾ ਹੈ। |
| ਧਨੁ ਧੰਨੁ ਵਣਜਾਰਾ ਵਣਜੁ ਹੈ, ਗੁਰੁ ਸਾਹੁ ਸਾਬਾਸੇ ॥ | ਸ਼ਾਹੁ, ਸ਼ਾਬਾਸ਼ੇ | ਸਿਖ ਰੂਪੀ ਵਣਜਾਰਾ ਅਤੇ ਨਾਮ ਰੂਪੀ ਵਣਜ ਦੋਨੋ ਧੰਨ ਹਨ; ਐਸੇ ਵਣਜਾਰਿਆਂ ਨੂੰ ਗੁਰੂ ਸ਼ਾਹ ਸ਼ਾਬਾਸ਼ ਦਿੰਦਾ ਹੈ। |
| ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ, ਜਿਨ ਧੁਰਿ, ਲਿਖਤੁ ਲਿਲਾਟਿ ਲਿਖਾਸੇ ॥੧॥ | ਤਿਨ੍ਹੀਂ | ੧. ਗੁਰੂ ਦੇ ਰੂਪ ਵਿਚ ਜਨ ਨਾਨਕ ਗੁਰੂ (ਗੁਰੂ ਨਾਨਕ ਸਾਹਿਬ) ਉਹਨਾਂ ਨੇ ਹੀ ਪਾਇਆ ਹੈ ਜਿਨਾਂ ਦੇ ਲਿਲਾਟ (ਮੱਥੇ) ਤੇ ਧੁਰੋਂ ਹੀ ਇਸ ਪ੍ਰਾਪਤੀ ਦੀ ਲਿਖਤ ਲਿਖੀ ਹੋਈ ਸੀ।<br>੨. ਇਸ ਪੰਕਤੀ ਵਿਚ 'ਜਨੁ' ਅਤੇ 'ਗੁਰੁ' ਦੋਨੋ ਸ਼ਬਦ ਵਿਸ਼ੇਸ਼ਣ ਹਨ ਖਾਸ ਨਾਂਵ 'ਨਾਨਕੁ' ਦੇ। |
| ਸਲੋਕੁ ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਤ੍ਰੈਗੁਣੀ ਗਿਆਨ ਦੀਆਂ ਕਿਤਾਬਾਂ ਪੜ ਕੇ ਹਾਸਲ ਕੀਤੇ ਗਿਆਨ ਦੇ ਫਜ਼ੂਲਪੁਣੇ ਦੀ ਗੱਲ ਕੀਤੀ ਹੈ। ਇਕ ਨਾਮ ਦੀ ਗੱਲ ਲੇਖੇ ਵਿਚ ਹੈ ਤੇ ਬਾਕੀ ਸਭ ਹਉਮੈ ਦੀ ਖੇਡ ਹੈ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ ॥ | ਗਡੀਂ, ਲਦੀਅਹਿਂ, ਭਰੀਅਹਿਂ | "ਗਡੀ" ਬਹੁਵਚਨ ਲਫਜ਼ ਹੈ ਇਸੇ ਕਰਕੇ ਇਸ ਦਾ ਉਚਾਰਨ ਹੈ "ਗਡੀਂ" ਤੇ ਪੰਕਤੀ ਦਾ ਭਾਵ ਹੈ – ਪੜ ਪੜ ਕੇ ਭਾਂਵੇਂ ਗਡੀਆਂ ਲਦ ਲਈਆਂ ਜਾਣ ਤੇ ਕਈ ਕਾਫਲੇ ਭਰ ਲਏ ਜਾਣ। |
| ਪੜਿ ਪੜਿ ਬੇੜੀ ਪਾਈਐ, ਪੜਿ ਪੜਿ ਗਡੀਅਹਿ ਖਾਤ ॥ | ਗਡੀਅਹਿਂ | |
| ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ ॥ | ਪੜੀਅਹਿਂ, ਪੜੀਅਹਿਂ | |
| ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ ॥ | ਪੜੀਅਹਿਂ | |
| ਨਾਨਕ, ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਕ ਨਾਮ ਰੂਪੀ ਗਲ ਲੇਖੇ ਵਿਚ ਹੈ ਹੋਰ ਸਭ ਹਉਮੈ ਵਿਚ ਝਖਾਂ ਮਾਰਨੀਆਂ ਹਨ। |
| ਮਃ ੧ ॥ | ਮਃ = ਮਹੱਲਾ | |
| ਲਿਖਿ ਲਿਖਿ ਪੜਿਆ ॥ | | ਜਿਨਾਂ ਲਿਖ ਲਿਖ ਕੇ ਪੜਿਆ; |
| ਤੇਤਾ ਕੜਿਆ ॥ | | ਉਤਨਾ ਹੀ ਕੜਿਆ ਭਾਵ ਖਿਝਿਆ। |
| ਬਹੁ ਤੀਰਥ ਭਵਿਆ ॥ | | ਜਿਨਾਂ ਤੀਰਥਾਂ ਤੇ ਫਿਰਿਆ; |
| ਤੇਤੋ ਲਵਿਆ ॥ | | ਉਤਨਾ ਹੀ ਵਧ ਬੋਲਣਵਾਲਾ ਹੋਇਆ, ਸ਼ੇਖੀਆਂ ਮਾਰਨਵਾਲਾ ਹੋਇਆ। |
| ਬਹੁ ਭੇਖ ਕੀਆ, ਦੇਹੀ ਦੁਖੁ ਦੀਆ ॥ | | ਜਿਨਾ ਭੇਖ ਕੀਤਾ, ਉਤਨਾ ਹੀ ਦੇਹੀ ਨੂੰ ਦੁਖ ਦਿਤਾ। |
| ਸਹੁ ਵੇ ਜੀਆ, ਅਪਣਾ ਕੀਆ ॥ | | ਕਈ ਵਿਦਵਾਨ 'ਸਹੁਵੇ' ਇਕੱਠਾ ਉਠਾਉਂਦੇ ਹਨ ਜੋ ਕਿ ਠੀਕ ਨਹੀਂ ਲਗਦਾ। ਪ੍ਰਚਲਤ ਪਾਠ 'ਸਹੁ ਵੇ ਜੀਆ' ਠੀਕ ਲਗਦਾ ਹੈ ਤੇ ਭਾਵ ਹੈ – ਸਹਣ ਕਰ ਵੇ ਜੀਆ, ਆਪਣਾ ਕੀਤਾ ਭਾਵ ਆਪਣੇ ਕਰਮਾਂ ਦਾ ਫਲ ਹੁਣ ਸਹਣ ਕਰ ਵੇ ਜੀਆ। |
| ਅੰਨੁ ਨ ਖਾਇਆ, ਸਾਦੁ ਗਵਾਇਆ ॥ | | ਅੰਨ ਨਾ ਖਾ ਕੇ ਐਵੇਂ ਸੁਆਦ ਹੀ ਖਰਾਬ ਕੀਤਾ ਭਾਵ ਦੁਖ ਪਾਇਆ। |
| ਬਹੁ ਦੁਖੁ ਪਾਇਆ, ਦੂਜਾ ਭਾਇਆ ॥ | | ਪਰਮਾਤਮਾ ਤੋਂ ਬਿਨਾਂ ਦੂਜਾ ਪਿਆਰ ਰਖਣ ਕਰਕੇ ਬਹੁਤ ਦੁਖ ਪਾਇਆ। |
| ਬਸਤ੍ਰ ਨ ਪਹਿਰੈ ॥ | | ਕਪੜੇ ਨਾ ਪਾਏ; |
| ਅਹਿਨਿਸਿ ਕਹਰੈ ॥ | ਅਹਿਨਿਸ਼ਿ | ਦਿਨ ਰਾਤ ਦੁਖੀ ਹੋਇਆ। |
| ਮੋਨਿ ਵਿਗੂਤਾ ॥ | | ਮੋਨੀ, ਮੋਨ ਧਾਰਨ ਕਰਕੇ, ਖੁਆਰ ਹੀ ਹੋਇਆ ਭਾਵ ਉਸ ਨੂੰ ਕੋਈ ਆਤਮਕ ਲਾਭ ਨਾ ਹੋਇਆ। |
| ਕਿਉ ਜਾਗੈ, ਗੁਰ ਬਿਨੁ, ਸੂਤਾ ॥ | ਕਿਉਂ | ਜੀਵ ਕਿਵੇਂ ਜਾਗੇ, ਗੁਰੂ ਤੋਂ ਬਗ਼ੈਰ, ਸੁੱਤਾ ਹੋਇਆ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਪਗ ਉਪੇਤਾਣਾ ॥ | | ਕਈ ਪ੍ਰੇਮੀ 'ਪਗਉ ਪੇਤਾਣਾ' ਪਾਠ ਕਰਦੇ ਹਨ ਤੇ ਅਰਥ ਕਰਦੇ ਹਨ ਪਗਾਂ ਤੋਂ ਪੇਤਾਣਾ ਭਾਵ ਨੰਗੇ ਪੈਰਾਂ ਵਾਲਾ ਪਰ ਇਹ ਪਾਠ ਤਦ ਹੁੰਦਾ ਜੇਕਰ ਪਾਠ 'ਪਗਹੁ ਪੇਤਾਣਾ ਹੁੰਦਾ'। ਸੋ ਵਿਆਕਰਣ ਮੁਤਾਬਕ ਪਗ ਉਪੇਤਾਣਾ ਪਾਠ ਹੀ ਠੀਕ ਹੈ ਜਿਸ ਦਾ ਅਰਥ ਹੈ – ਪਗ ਜੁਤੀ ਤੋਂ ਬਿਨਾ। ਉਪੇਤਾਣਾ ਦਾ ਭਾਵ ਹੈ ਜੁਤੀ ਤੋਂ ਬਿਨਾਂ। |
| ਅਪਣਾ ਕੀਆ ਕਮਾਣਾ ॥ | | ਆਪਣਾ ਕੀਤਾ ਹੀ ਕਮਾਈਦਾ ਹੈ ਭਾਵ ਉਹੋ ਮਿਲਦਾ ਹੈ ਜੋ ਕੀਤਾ ਹੋਵੇ। |
| ਅਲੁ ਮਲੁ ਖਾਈ, ਸਿਰਿ ਛਾਈ ਪਾਈ ॥ | | ਜਿਸ ਨੇ ਅਲ ਮਲ ਭਾਵ ਭਖ ਅਭਖ ਖਾਧਾ ਉਸ ਨੇ ਸਿਰ ਸੁਆਹ ਪੁਆਈ ਹੈ ਭਾਵ ਉਹ ਬੇਇਜ਼ਤ ਹੁੰਦਾ ਹੈ। ਇਸ ਪੰਕਤੀ ਤੋਂ ਗੁਰਮਤਿ ਬਿਬੇਕ ਦਾ ਸਿਧਾਂਤ ਸਿਧ ਹੁੰਦਾ ਹੈ। ਖਾਲਸੇ ਨੇ ਆਹਾਰ ਗੁਰਮਤਿ ਅਨੁਸਾਰ ਹੀ ਖਾਣਾ ਹੈ। |
| ਮੂਰਖਿ ਅੰਧੈ, ਪਤਿ ਗਵਾਈ ॥ | | ਇਸ ਤਰਾਂ (ਉਪਰ ਦਸੇ ਅਨੁਸਾਰ) ਅੰਨੇ ਮੂਰਖ ਜੀਵ ਨੇ ਆਪਣੀ ਪਤਿ ਗਵਾ ਲਈ ਹੈ। |
| ਵਿਣੁ ਨਾਵੈ, ਕਿਛੁ ਥਾਇ ਨ ਪਾਈ ॥ | | ਨਾਮ ਤੋਂ ਬਿਨਾਂ ਕੁਝ ਥਾਂ ਨਹੀਂ ਮਿਲਦੀ ਭਾਵ ਕੋਈ ਪ੍ਰਾਪਤੀ ਨਹੀਂ ਹੁੰਦੀ। |
| ਰਹੈ ਬੇਬਾਣੀ ਮੜੀ ਮਸਾਣੀ ॥ | ਬੇਬਾਣੀਂ, ਮੜੀਂ, ਮਸਾਣੀਂ | ਬੀਆਬਾਨਾਂ ਵਿਚ ਰਹਿੰਦਾ ਹੈ, ਤੇ ਮੜੀਆਂ ਮਸਾਣਾਂ ਵਿਚ ਰਹਿੰਦਾ ਹੈ... |
| ਅੰਧੁ ਨ ਜਾਣੈ, ਫਿਰਿ ਪਛੁਤਾਣੀ ॥ | | ਗਿਆਨ ਤੋਂ ਅੰਨਾਂ ਨਹੀਂ ਜਾਣਦਾ (ਜੁਗਤਿ) ਤੇ ਅਖੀਰ ਪਛੁਤਾਉਂਦਾ ਹੈ। |
| ਸਤਿਗੁਰੁ ਭੇਟੇ, ਸੋ ਸੁਖੁ ਪਾਏ ॥ | | ੧. ਸਤਿਗੁਰਾਂ ਦਾ ਫੈਸਲਾ ਇਸ ਪੰਕਤੀ ਵਿਚ ਹੈ – ਜਿਸ ਜੀਵ ਨੂੰ ਸਤਿਗੁਰ ਮਿਲੇ ਉਹ ਜੀਵ ਸੁਖ ਪਾਉਂਦਾ ਹੈ – ਕਿਵੇਂ? ਅਗਲੀ ਪੰਕਤੀ ਵਿਚ ਦਸਦੇ ਹਨ।<br>੨. ਇਸ ਪੰਕਤੀ ਦਾ ਭਾਵ ਇਹ ਨਹੀਂ ਕਿ ਜੋ ਜੀਵ ਸਤਿਗੁਰ ਨੂੰ ਮਿਲਦਾ ਹੈ ਕਿਉਂਕਿ ਜੇਕਰ ਇਹ ਭਾਵ ਹੁੰਦਾ ਤਾਂ 'ਸਤਿਗੁਰੁ' ਦਾ ਛੇਕੜਲਾ ਔਂਕੜ ਉਡ ਜਾਣਾ ਸੀ। ਸੋ ਭਾਵ ਇਹ ਠੀਕ ਹੈ ਕਿ ਸਤਿਗੁਰ ਜੀਵ ਨੂੰ ਮਿਲਦਾ ਹੈ ਨਾ ਕਿ ਜੀਵ ਸਤਿਗੁਰ ਨੂੰ। |
| ਹਰਿ ਕਾ ਨਾਮੁ ਮੰਨਿ ਵਸਾਏ ॥ | | ਸਤਿਗੁਰਾਂ ਦਾ ਬਖਸ਼ਿਆ ਹੋਇਆ ਨਾਮ ਮਨ ਵਿਚ ਵਸਾ ਲਏ। |
| ਨਾਨਕ, ਨਦਰਿ ਕਰੇ ਸੋ ਪਾਏ ॥ | | ਪਰ, ਜਿਸ ਨੂੰ ਪਰਮਾਤਮਾ ਨਦਰਿ ਕਰੇ ਉਹ ਪਾਏ (ਸਤਿਗੁਰੂ ਨੂੰ)। |
| ਆਸ ਅੰਦੇਸੇ ਤੇ ਨਿਹਕੇਵਲੁ, ਹਉਮੈ ਸਬਦਿ ਜਲਾਏ ॥੨॥ | ਅੰਦੇਸ਼ੇ, ਸ਼ਬਦਿ | ਉਹ ਆਸਾਂ ਅੰਦੇਸ਼ਿਆਂ ਤੋਂ ਉਪਰ ਉਠ ਜਾਂਦਾ ਹੈ ਤੇ ਗੁਰੂ ਦੇ ਸ਼ਬਦ ਰਾਹੀਂ ਆਪਣੀ ਹਉਮੈਂ ਨੂੰ ਜਲਾ ਦਿੰਦਾ ਹੈ। |
| ਪਉੜੀ ॥ | | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਭਗਤ, ਤੇਰੈ ਮਨਿ ਭਾਵਦੇ, ਦਰਿ ਸੋਹਨਿ, ਕੀਰਤਿ ਗਾਵਦੇ ॥ | ਭਾਂਵਦੇ, ਗਾਂਵਦੇ, | 'ਭਗਤ ਤੇਰੈ' ਬਿਸ਼ਰਾਮ ਲਾਉਣਾ ਗਲਤ ਹੈ। 'ਤੇਰੈ' ਸ਼ਬਦ 'ਮਨਿ' ਦਾ ਪੜਨਾਵੀਂ ਵਿਸ਼ੇਸ਼ਣ ਹੈ ਤੇ ਅਰਥ ਹੈ, ਭਗਤ, ਤੇਰੇ ਮਨ ਨੂੰ ਚੰਗੇ ਲਗਦੇ ਹਨ, ਤੇ ਉਹ ਤੇਰੇ ਦਰ ਤੇ ਕੀਰਤ ਗਾਉਂਦੇ ਸੋਹਣੇ ਲਗਦੇ ਹਨ। ਸੋ 'ਤੇਰੈ ਮਨਿ' ਇਕੱਠਾ ਉਠਾਉਣਾ ਹੈ ਤੇ 'ਭਗਤ' ਤੇ ਛੋਟਾ ਬਿਸ਼ਰਾਮ ਲਾਉਣਾ ਹੈ। |
| ਨਾਨਕ, ਕਰਮਾ ਬਾਹਰੇ, ਦਰਿ ਢੋਅ ਨ ਲਹਨ੍ੀ, ਧਾਵਦੇ ॥ | ਕਰਮਾਂ, ਲਹਨ੍ਹੀਂ, ਧਾਂਵਦੇ | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕਰਮਾਂ ਤੋਂ ਬਾਹਰੇ ਭਾਂਵੇ ਕਿੰਨਾ ਧਾਂਵਦੇ ਫਿਰਨ, ਉਹ ਦਰ ਤੇ ਢੋਈ ਨਹੀਂ ਲੈਂਦੇ। |
| ਇਕਿ ਮੂਲੁ ਨ ਬੁਝਨ੍ਹਿ ਆਪਣਾ, ਅਣਹੋਦਾ ਆਪੁ ਗਣਾਇਦੇ ॥ | ਅਣਹੋਂਦਾ, ਗਣਾਇੰਦੇ | ਕਈ ਆਪਣਾ ਨਿਜ ਮੂਲ (ਆਪਾ) ਵੀ ਨਹੀਂ ਬੁਝਦੇ ਪਰ ਉਹ ਆਪਣਾ ਆਪ ਬਹੁਤ ਗਣਾਉਂਦੇ ਹਨ। |
| ਹਉ ਢਾਢੀਕਾ ਨੀਚ ਜਾਤਿ, ਹੋਰਿ, ਉਤਮ ਜਾਤਿ ਸਦਾਇਦੇ ॥ | ਹਉਂ, ਸਦਾਇੰਦੇ | 'ਢਾਢੀਕਾ' ਸ਼ਬਦ ਇਕਠਾ ਹੈ ਤੇ ਅਰਥ ਹੈ ਛੋਟਾ ਜਿਹਾ ਢਾਢੀ। 'ਢਾਢੀ' ਅਤੇ 'ਕਾ' ਨੂੰ ਅਲਗ ਕਰਨ ਨਾਲ ਗਲ ਨਹੀਂ ਬਣਦੀ ਕਿਉਂਕਿ ਅਰਥਾਂ ਅਨੁਸਾਰ 'ਕਾ' ਪਦ 'ਜਾਤਿ' ਪਦ ਤੋਂ ਬਾਅਦ ਆਉਣਾ ਚਾਹੀਦਾ ਸੀ। |
| ਤਿਨ੍ ਮੰਗਾ, ਜਿ ਤੁਝੈ ਧਿਆਇਦੇ ॥੯॥ | ਮੰਗਾਂ, ਧਿਆਇੰਦੇ | ਮੈਂ ਉਹਨਾਂ ਨੂੰ ਮੰਗਦਾ ਹਾਂ ਜੋ ਤੈਨੂੰ (ਵਾਹਿਗੁਰੂ) ਧਿਆਉਂਦੇ ਹਨ। |
| ਸਚੁ ਸਾਹੁ ਹਮਾਰਾ ਤੂੰ ਧਣੀ, ਸਭੁ ਜਗਤੁ ਵਣਜਾਰਾ ਰਾਮ ਰਾਜੇ ॥ | ਸ਼ਾਹ | |
| ਸਭ ਭਾਂਡੇ ਤੁਧੈ ਸਾਜਿਆ, ਵਿਚਿ ਵਸਤੁ ਹਰਿ ਥਾਰਾ ॥ | | 'ਭਾਂਡੇ' ਤੋਂ ਮੁਰਾਦ ਸਰੀਰਾਂ ਦੀ ਹੈ। |
| ਜੋ ਪਾਵਹਿ ਭਾਂਡੇ ਵਿਚਿ ਵਸਤੁ, ਸਾ ਨਿਕਲੈ, ਕਿਆ ਕੋਈ ਕਰੇ ਵੇਚਾਰਾ ॥ | ਪਾਵਹਿਂ | ਜੋ ਤੂੰ, ਹੇ ਪਰਮਾਤਮਾ, ਸਰੀਰ ਰੂਪੀ ਭਾਂਡੇ ਵਿਚ ਮਤਿ ਰੂਪੀ ਵਸਤ ਪਾਉਂਦਾ ਹੈਂ ਉਹੀ ਪਰਗਟ ਹੁੰਦੀ ਹੈ, ਕੋਈ ਵਿਚਾਰਾ ਕੀ ਕਰਿ ਸਕਦਾ ਹੈ। |
| ਜਨ ਨਾਨਕ ਕਉ, ਹਰਿ ਬਖਸਿਆ, ਹਰਿ ਭਗਤਿ ਭੰਡਾਰਾ ॥ ੨॥ | ਬਖਸ਼ਿਆ | ਹਰਿ ਭਗਤਿ ਭੰਡਾਰਾ' ਦਾ ਭਾਵ ਹੈ ਹਰੀ ਦੀ ਭਗਤੀ ਦਾ ਭੰਡਾਰਾ (ਖਜ਼ਾਨਾ)। |
| ਸਲੋਕੁ ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਦ੍ਰਿਸ਼ਟਮਾਨ ਸੰਸਾਰ ਨੂੰ ਕੂੜ ਦਸਿਆ ਗਿਆ ਹੈ। |
| ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭੁ ਸੰਸਾਰੁ ॥ | | ਰਾਜਾ, ਪਰਜਾ ਤੇ ਸਭ ਸੰਸਾਰ ਕੂੜ ਹੈ ਭਾਵ ਮਿਥਿਆ ਹੈ। |
| ਕੂੜੁ ਮੰਡਪ, ਕੂੜੁ ਮਾੜੀ, ਕੂੜੁ ਬੈਸਣਹਾਰੁ ॥ | ਮਾੜੀਂ | 'ਮੰਡਪ ਮਾੜੀ' ਤੋਂ ਭਾਵ ਹੈ ਮਹਲ ਹਵੇਲੀਆਂ ਆਦਿ। ਮਹਲ ਮਾੜੀਆਂ ਤੇ ਇਹਨਾਂ ਵਿਚ ਰਹਿਣ ਵਾਲੇ ਸਭ ਮਿਥਿਆ ਹਨ ਭਾਵ ਨਾਸ਼ਵਾਨ ਹਨ। |
| ਕੂੜੁ ਸੁਇਨਾ, ਕੂੜੁ ਰੁਪਾ, ਕੂੜੁ ਪੈਨ੍ਣਹਾਰੁ ॥ | | ਸੋਨਾ ਚਾਂਦੀ ਅਤੇ ਇਹਨਾਂ ਨੂੰ ਪਹਿਨਣਵਾਲੇ ਨਾਸ਼ਵਾਨ ਹਨ। |
| ਕੂੜੁ ਕਾਇਆ, ਕੂੜੁ ਕਪੜੁ, ਕੂੜੁ ਰੂਪੁ ਅਪਾਰੁ ॥ | ਕਾਇਆਂ | ਸਰੀਰ, ਕਪੜੇ ਤੇ ਹੱਦੋਂ ਵੱਧ ਹੁਸਨ (ਰੂਪ) ਸਭ ਨਾਸ਼ਵਾਨ ਹੈ। |
| ਕੂੜੁ ਮੀਆ, ਕੂੜੁ ਬੀਬੀ, ਖਪਿ ਹੋਏ ਖਾਰੁ ॥ | ਮੀਆਂ | ਪਤੀ ਪਤਨੀ ਜੋ ਆਪਸ ਵਿਚ ਲੜਕੇ ਖੁਆਰ ਹੁੰਦੇ ਹਨ ਸਭ ਨਾਸ਼ਵਾਨ ਹਨ। |
| ਕੂੜਿ ਕੂੜੈ ਨੇਹੁ ਲਗਾ, ਵਿਸਰਿਆ ਕਰਤਾਰੁ ॥ | | ਕੂੜ (ਝੂਠ) ਨਾਲ ਕੂੜੇ (ਝੂਠੇ) ਦਾ ਨੇਹ ਲਗਿਆ ਹੋਇਆ ਹੈ ਤੇ ਇਸ ਪਿਆਰ ਵਿਚ ਸਿਰਜਣਹਾਰ ਕਰਤਾਰ, ਕੂੜੇ ਨੇ ਵਿਸਾਰ ਦਿਤਾ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਕਿਸੁ ਨਾਲਿ ਕੀਚੈ ਦੋਸਤੀ, ਸਭੁ ਜਗੁ ਚਲਣਹਾਰੁ ॥ | | ਫੇਰ ਕਿਸ ਨਾਲ ਦੋਸਤੀ ਕਰੀਏ ਜਦਕਿ ਸਾਰਾ ਜਗ ਹੀ ਚਲਣਹਾਰ ਹੈ (ਭਾਵ ਮੁਸਤਕਿਲ ਨਹੀਂ ਹੈ) |
| ਕੂੜੁ ਮਿਠਾ, ਕੂੜੁ ਮਾਖਿਓ, ਕੂੜੁ ਡੋਬੇ ਪੂਰੁ ॥ | | ਮਿੱਠਾ, ਸ਼ਹਿਦ ਆਦਿ ਸਭ ਨਾਸ਼ਵਾਨ ਹੈ ਤੇ ਇਹ ਕੂੜ ਪੂਰਾਂ ਦੇ ਪੂਰ ਡੋਬਦਾ ਹੈ। |
| ਨਾਨਕੁ ਵਖਾਣੈ ਬੇਨਤੀ, ਤੁਧੁ ਬਾਝੁ, ਕੂੜੋ ਕੂੜੁ ॥੧॥ | | ਅਖੀਰ ਵਿਚ ਫੈਸਲਾ ਦਿੰਦੇ ਹਨ, ਕਿ ਤੇਰੇ ਬਿਨਾ ਹੇ ਵਾਹਿਗੁਰੂ ਸਭ ਕੂੜ ਹੈ (ਤਾਂ ਤੇ ਵਾਹਿਗੁਰੂ ਨਾਲ ਦੋਸਤੀ ਪਾਉਣੀ ਚਾਹੀਦੀ ਹੈ)। |
| ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਸਤਿਗੁਰ ਜੀ ਸਚ ਨੂੰ ਜਾਣ ਲੈਣ ਦੀ ਕਿਰਿਆ ਅਤੇ ਫਲ ਦਸਦੇ ਹਨ। |
| ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ ॥ | ਤਾਂ, ਜਾਂ | ਸਚ ਦੀ ਪਛਾਣ ਤਾਂ ਹੁੰਦੀ ਹੈ ਜੇ ਹਿਰਦੇ ਵਿਚ ਸੱਚਾ ਵੱਸ ਜਾਵੇ। |
| ਕੂੜ ਕੀ ਮਲੁ ਉਤਰੈ, ਤਨੁ ਕਰੇ ਹਛਾ ਧੋਇ ॥ | | ਇਸ ਤਰਾਂ ਕੂੜ ਦੀ ਮੈਲ ਉਤਰ ਜਾਂਦੀ ਹੈ ਤੇ ਸਚ ਤਨ ਨੂੰ ਧੋ ਕੇ ਅਛਾ ਕਰ ਦਿੰਦਾ ਹੈ। |
| ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ ॥ | ਤਾਂ, ਜਾਂ | ਸਚ ਦੀ ਪਛਾਣ ਤਾਂ ਹੁੰਦੀ ਹੈ ਜੇ ਸਚ ਨਾਲ ਪਿਆਰ ਪਾਵੇ। |
| ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ ॥ | ਰਹੱਸੀਐ, ਤਾਂ | ਨਾਮ ਰੂਪੀ ਸਚ ਨੂੰ ਪਿਆਰ ਨਾਲ ਗੁਰਮਤਿ ਅਨੁਸਾਰ ਸੁਨਣ ਕਰਕੇ ਮਨ ਖੁਸ਼ੀ ਵਿਚ ਖਿੜ ਜਾਂਦਾ ਹੈ ਤੇ ਮੋਖ ਦੁਆਰਾ ਲਭ ਜਾਂਦਾ ਹੈ। |
| ਸਚੁ ਤਾ ਪਰੁ ਜਾਣੀਐ, ਜਾ ਜੁਗਤਿ ਜਾਣੈ ਜੀਉ ॥ | ਤਾਂ, ਜਾਂ | ਸਚ ਦੀ ਪਛਾਣ ਤਾਂ ਹੁੰਦੀ ਹੈ ਜੇ ਜੀਵਨ (ਜੀਉ) ਜੁਗਤਿ ਜਾਣਦਾ ਹੋਵੇ। |
| ਧਰਤਿ ਕਾਇਆ ਸਾਧਿ ਕੈ, ਵਿਚਿ ਦੇਇ ਕਰਤਾ ਬੀਉ ॥ | ਕਾਇਆਂ | ਕਾਇਆਂ ਰੂਪੀ ਧਰਤੀ ਨੂੰ ਸਾਧ ਕੇ ਭਾਵ ਵੱਤਰ ਕਰਕੇ ਕਰਤੇ ਦਾ ਨਾਮ ਰੂਪੀ ਬੀਜ ਪਾਵੇ। |
| ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥ | ਤਾਂ, ਜਾਂ | ਸਚ ਦੀ ਪਛਾਣ ਤਾਂ ਹੁੰਦੀ ਹੈ ਜੇ ਸਚੀ ਸਿਖਿਆ ਲਵੇ। |
| ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥ | | ਜੀਵਾਂ ਉਪਰ ਦਇਆ ਕਰਨੀ ਜਾਣੇ ਤੇ ਕੁਝ ਪੁੰਨ ਦਾਨ ਵੀ ਕਰੇ ਭਾਵ ਅੱਛੇ ਸ਼ੁਭ ਕਰਮ ਕਰੇ। |
| ਸਚੁ ਤਾਂ ਪਰੁ ਜਾਣੀਐ, ਜਾ ਆਤਮ ਤੀਰਥਿ ਕਰੇ ਨਿਵਾਸੁ ॥ | ਜਾਂ | ਸਚ ਦੀ ਪਛਾਣ ਤਾਂ ਹੁੰਦੀ ਹੈ ਜੇ ਆਤਮ ਤੀਰਥ ਜੋ ਘਟ ਵਿਖੇ ਹੀ ਹੈ, ਉਥੇ ਨਿਵਾਸ ਕਰੇ ਭਾਵ ਮਨ ਜੋ ਦਹਦਿਸ਼ ਮਾਇਆ ਵਿਚ ਧਾਂਵਦਾ ਹੈ ਉਹ ਨਿਜ ਘਰ ਵਿਖੇ ਅਸਥਿਤ ਹੋ ਜਾਵੇ। |
| ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੇ ਨਿਵਾਸੁ ॥ | | ਇਸ ਆਤਮ ਤੀਰਥ ਵਿਖੇ ਨਿਵਾਸ ਸਤਿਗੁਰੂ ਨੂੰ ਪੁਛ ਕੇ ਭਾਵ ਗੁਰਮਤਿ ਨੂੰ ਧਾਰਨ ਕਰਕੇ ਕਰੇ ਤੇ ਇਥੇ ਹੀ ਬੈਠਾ ਰਹੇ। |
| ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ ॥ | ਸਭਨਾਂ | ਨਾਮ ਰੂਪੀ ਸਚ ਸਭਨਾਂ ਜੀਵਾਂ ਲਈ ਦਾਰੂ ਰੂਪ ਹੈ ਜੋ ਪਾਪ ਰੂਪੀ ਰੋਗਾਂ ਨੂੰ ਬਾਹਰਿ ਕਢਦਾ ਹੈ। |
| ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ ॥੨॥ | | ਗੁਰੂ ਸਾਹਿਬ ਆਜਿਜ਼ ਹੋ ਕੇ ਬੇਨਤੀ ਕਰਦੇ ਹਨ, ਉਹਨਾਂ ਅਗੇ, ਜਿਨਾਂ ਦੇ ਪੱਲੇ ਨਾਮ ਹੈ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਪਉੜੀ ॥ | | |
| ਦਾਨੁ ਮਹਿੰਡਾ ਤਲੀ ਖਾਕੁ, ਜੇ ਮਿਲੈ, ਤ ਮਸਤਕਿ ਲਾਈਐ ॥ | ਤਂ | ੧. ਮਹਿੰਡਾ = ਮੇਰਾ; ਤਲੀ = ਪੈਰ ਦਾ ਥਲੇ ਵਾਲਾ ਪਾਸਾ।<br>੨. ਮੇਰੇ ਵਾਸਤੇ ਉਤਮ ਦਾਨ ਚਰਨਾਂ ਦੀ ਤਲੀ ਦੀ ਖ਼ਾਕ ਹੈ, ਤੇ ਜੇਕਰ ਇਹ ਮੁਯੱਸਰ ਹੋਵੇ ਤਾਂ ਮਸਤਕ ਤੇ ਲਾਉਣੀ ਚਾਹੀਦੀ ਹੈ। |
| ਕੂੜਾ ਲਾਲਚੁ ਛਡੀਐ, ਹੋਇ ਇਕ ਮਨਿ, ਅਲਖੁ ਧਿਆਈਐ ॥ | ਅਲੱਖ | ਹਜ਼ੂਰ ਨਾਮ ਜਪਣ ਦਾ ਅਸੂਲ ਬਿਆਨ ਕਰਦੇ ਹਨ: ਕੂੜਾ ਦੁਨਿਆਵੀ ਲਾਲਚ ਛਡ ਕੇ, ਇਕ ਮਨ ਹੋਕੇ ਭਾਵ ਮਨ ਪੂਰਾ ਟਿਕਾ ਕੇ, ਅਲੱਖ ਪਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ। |
| ਫਲੁ ਤੇਵੇਹੋ ਪਾਈਐ, ਜੇਵੇਹੀ ਕਾਰ ਕਮਾਈਐ ॥ | | ਜੈਸੀ ਕਾਰ ਕਮਾਈ ਜਾਵੇ ਤੈਸਾ ਹੀ ਫਲ ਪਾਈਦਾ ਹੈ। |
| ਜੇ ਹੋਵੈ ਪੂਰਬਿ ਲਿਖਿਆ, ਤਾ ਧੂੜਿ ਤਿਨ੍ਾ ਦੀ ਪਾਈਐ ॥ | ਤਾਂ, ਤਿਨ੍ਹਾਂ | ਜੇਕਰ ਪਹਿਲਾਂ ਕਿਸਮਤ ਵਿਚ ਲਿਖਿਆ ਹੋਵੇ ਤਾਂ ਹੀ ਤਿਨਾਂ ਭਗਤਾਂ ਦੀ ਧੂੜ ਮਿਲਦੀ ਹੈ। |
| ਮਤਿ ਥੋੜੀ, ਸੇਵ ਗਵਾਈਐ ॥੧੦॥ | | ਜੇ ਆਪਣੀ ਮਨ ਦੀ ਮਤਿ (ਥੋੜੀ ਮਤਿ) ਮੁਤਾਬਕ ਸੇਵਾ ਕਰੀਏ ਤਾਂ ਸੇਵਾ ਗਵਾ ਲਈਦੀ ਹੈ। ਇਸ ਪੰਕਤੀ ਤੋਂ ਪਤਾ ਲਗਦਾ ਹੈ ਕਿ ਗੁਰਮਤਿ ਭਾਵ ਗੁਰੂ ਦੀ ਮਤਿ ਅਨੁਸਾਰ ਕੀਤੀ ਗਈ ਸੇਵਾ ਹੀ ਥਾਂ ਪੈਂਦੀ ਹੈ। |
| ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ, ਤੂੰ ਅਪਰ ਅਪਾਰੋ ਰਾਮ ਰਾਜੇ ॥ | ਵਿਥਰਹਂ | ਹੇ ਸੁਆਮੀ, ਮੈਂ ਤੇਰੇ ਕੀ ਗੁਣ ਬਿਆਨ ਕਰਾਂ ਜਦਕਿ ਤੂੰ ਅਪਾਰੋਂ ਅਪਾਰ ਹੈਂ ਭਾਵ ਮੈਂ ਤੇਰੇ ਗੁਣਾਂ ਦਾ ਬਿਆਨ ਪੂਰੀ ਤਰਾਂ ਨਹੀਂ ਕਰ ਸਕਦਾ। |
| ਹਰਿ ਨਾਮੁ ਸਾਲਾਹਹ ਦਿਨੁ ਰਾਤਿ, ਏਹਾ ਆਸ ਆਧਾਰੋ ॥ | ਸਲਾਹਹਂ | ਬਸ ਤੇਰਾ ਨਾਮ ਦਿਨ ਰਾਤ ਸਾਲਾਹਾਂ, ਇਹੋ ਮੇਰੀ ਆਸ ਤੇ ਆਧਾਰ ਹੈ। |
| ਹਮ ਮੂਰਖ ਕਿਛੂਅ ਨ ਜਾਣਹਾ, ਕਿਵ ਪਾਵਹ ਪਾਰੋ ॥ | ਜਾਣਹਾਂ, ਪਾਵਹਂ | ਹੋਰ ਮੈਂ ਮੂਰਖ ਕੁਝ ਨਹੀਂ ਜਾਣਦਾ ਕਿ ਕਿਵੇਂ ਪਾਰ ਪਾਵਾਂ। |
| ਜਨੁ ਨਾਨਕੁ, ਹਰਿ ਕਾ ਦਾਸੁ ਹੈ, ਹਰਿ ਦਾਸ ਪਨਿਹਾਰੋ ॥੩॥ | | ੧. ਪਨਿਹਾਰੋ = ਪਾਣੀ ਢੋਣ ਵਾਲੇ ਭਾਵ ਸੇਵਕ।<br>੨. ਗੁਰੂ ਸਾਹਿਬ ਆਪਣੇ ਆਪ ਨੂੰ ਹਰੀ ਕੇ ਦਾਸ ਦਸਦੇ ਹਨ ਤੇ ਹਰਿ ਕਿਆਂ ਦਾਸਾਂ ਦੇ ਪਾਣੀਹਾਰ ਦਸਦੇ ਹਨ; ਇਹ ਸਤਿਗੁਰਾਂ ਦੀ ਨਿਮ੍ਰਤਾ ਦੀ ਹੱਦ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਸਚਿ ਕਾਲੁ, ਕੂੜੁ ਵਰਤਿਆ, ਕਲਿ ਕਾਲਖ ਬੇਤਾਲ ॥ | | ੧. ਸਚਿ ਦਾ ਭਾਵ ਹੈ ਸਚਾਈ ਨਾ ਕਿ ਸਚ; ਇਸੇ ਲਈ ਇਸ ਦੇ ਅਖੀਰ ਵਿਚ ਸਿਹਾਰੀ ਹੈ।<br>੨. ਸਚਾਈ ਦਾ ਅਕਾਲ ਪਿਆ ਹੋਇਆ ਹੈ, ਕੂੜ ਸਭ ਵਰਤਿਆ ਹੋਇਆ ਹੈ ਕਲਜੁਗ ਦੀ ਕਾਲਖ ਨਾਲ ਸਭ ਭੂਤਨੇ ਬਣੇ ਹੋਏ ਹਨ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਬੀਉ ਬੀਜਿ ਪਤਿ ਲੈ ਗਏ, ਅਬ ਕਿਉ ਉਗਵੈ ਦਾਲਿ ॥ | ਕਿਉਂ | ੧. ਬੀਉ ਬੀਜ ਕੇ (ਸਚਿਆਰ) ਪਤਿ ਲੈ ਗਏ ਹਨ ਹੁਣ ਕਲਿਜੁਗ ਵਿਚ ਕਿਵੇ ਉਗੇ ਦਲਿਆ ਹੋਇਆ ਬੀਜ।<br>੨. 'ਦਾਲਿ' ਤੋਂ ਮੁਰਾਦ ਹੈ ਦਲਿਆ ਹੋਇਆ ਬੀਜ ਭਾਵ ਜੋ ਬੀਜ ਸਾਬਤ ਨਾ ਹੋਵੇ। |
| ਜੇ ਇਕੁ ਹੋਇ, ਤ ਉਗਵੈ, ਰੁਤੀ ਹੂ ਰੁਤਿ ਹੋਇ ॥ | ਤੰ, ਹੂੰ | ਜੇਕਰ ਬੀਜ ਸਾਬਤ ਹੋਵੇ ਤਾਂ ਉਗ ਸਕਦਾ ਹੈ ਭਾਵ ਜੇਕਰ ਮਨ ਇਕਾਗਰ ਹਵੇ ਤਾਂ ਭਗਤੀ ਦਾ ਫਲ ਮਿਲਦਾ ਹੈ ਤੇ ਨਾਲ ਹੀ ਰੁਤਿ ਵੀ ਸਹੀ ਹਵੇ ਭਾਵ ਸਤਿਸੰਗਤ ਰੁਪੀ ਰੁਤਿ ਵੀ ਸੁਹਾਵਣੀ ਹੋਵੇ। |
| ਨਾਨਕ, ਪਾਹੈ ਬਾਹਰਾ, ਕੋਰੈ ਰੰਗੁ ਨ ਸੋਇ ॥ | | ਲਾਗ ਤੋਂ ਬਿਨਾਂ ਕੋਰੇ ਕਪੜੇ ਤੇ ਰੰਗ ਨਹੀਂ ਚੜਦਾ। |
| ਭੈ ਵਿਚਿ ਖੁੰਬਿ ਚੜਾਈਐ, ਸਰਮੁ ਪਾਹੁ ਤਨਿ ਹੋਇ ॥ | ਸ਼ਰਮ | ਇਸੇ ਤਰਾਂ ਹੀ ਭੈ ਰੁਪੀ ਖੁੰਬ ਤੇ ਜੀਵ ਨੂੰ ਚਾੜਿਆ ਜਾਵੇ ਤੇ ਸ਼ਰਮ ਭਾਵ ਮਿਹਨਤ ਰੁਪੀ ਪਾਹ ਚਾੜੀ ਜਾਵੇ ਤਾਂ ਭਗਤੀ ਦਾ ਰੰਗ ਚੜਦਾ ਹੈ। ਕਪੜੇ ਨੂੰ ਰੰਗਣ ਤੋਂ ਪਹਿਲਾਂ ਕਪੜੇ ਨੂੰ ਖਾਰੇ ਪਾਣੀ ਨਾਲ ਧੋਤਾ ਜਾਂਦਾ ਹੈ ਤਾਂ ਜੋ ਇਸ ਦੀ ਮੈਲ ਉਤਰ ਜਾਵੇ ਤੇ ਫੇਰ ਫਟਕੜੀ ਆਦਿ ਦੀ ਪਾਹ ਚਾੜੀ ਜਾਂਦੀ ਹੈ। ਫੇਰ ਉਸ ਨੂੰ ਰੰਗਿਆ ਜਾਂਦਾ ਹੈ। ਇਸੇ ਤਰਾਂ ਹੀ ਜੀਵ ਨੂੰ ਭਗਤੀ ਦਾ ਰੰਗ ਤਾਂ ਚੜ ਸਕਦਾ ਹੈ ਜੇ ਪਹਿਲਾਂ ਪਰਮਾਤਮਾ ਦੇ ਭੈ ਵਿਚ ਰਹੇ ਤੇ ਫੇਰ ਸਖਤ ਮਿਹਨਤ ਕਰੇ ਭਾਵ ਤਕੜਾ ਹੋ ਕੇ ਨਾਮ ਜਪੇ। |
| ਨਾਨਕ, ਭਗਤੀ ਜੇ ਰਪੈ, ਕੂੜੈ ਸੋਇ ਨ ਕੋਇ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇਕਰ ਭਗਤੀ ਦੇ ਰੰਗ ਵਿਚ ਰੰਗੇ ਤਾਂ ਫੇਰ ਜਗਿਆਸੂ ਨੂੰ ਕੂੜ ਦੀ ਸੋਇ (ਖਬਰ) ਨਹੀਂ ਸੁਣਦੀ। |
| ਮਃ ੧ ॥ | ਮਃ = ਮਹੱਲਾ | ਮਾਇਆ ਵਿਚ ਫਸੀ ਦੁਨੀਆ ਦਾ ਹਾਲ ਬਿਆਨ ਕਰਦੇ ਹਨ। |
| ਲਬੁ ਪਾਪੁ ਦੁਇ, ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ ॥ | | |
| ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ ॥ | ਕਰੇਂ | |
| ਅੰਧੀ ਰਯਤਿ ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰੁ ॥ | ਰਯਤਿ = ਰਈਅਤਿ | ਰਯਤਿ = ਪਰਜਾ।; ਗਿਆਨ ਵਿਹੂਣੀ ਪਰਜਾ ਇਵੇਂ ਹੈ ਜਿਵੇਂ ਭੁਸੇ ਨਾਲ ਭਰਿਆ ਮੁਰਦਾਰ (ਮੁਰਦਾ ਸਰੀਰ) ਹੋਵੇ। ਭਾਹਿ ਦਾ ਅਰਥ ਆਮ ਤੌਰ ਤੇ ਅੱਗ ਹੁੰਦਾ ਹੈ ਪਰ ਇਹ ਸ਼ਬਦ ਭੁਸੇ ਦੇ ਅਰਥਾਂ ਵਿਚ ਵੀ ਆਇਆ ਹੈ। |
| ਗਿਆਨੀ ਨਚਹਿ, ਵਾਜੇ ਵਾਵਹਿ, ਰੂਪ ਕਰਹਿ ਸੀਗਾਰੁ ॥ | ਨਚਹਿੰ, ਵਾਵਹਿੰ, ਕਰਹਿੰ, ਸ਼ੀਂਗਾਰੁ | |
| ਊਚੇ ਕੂਕਹਿ, ਵਾਦਾ ਗਾਵਹਿ, ਜੋਧਾ ਕਾ ਵੀਚਾਰੁ ॥ | ਕੂਕਹਿੰ, ਗਾਵਹਿੰ, ਜੋਧਾਂ | |
| ਮੂਰਖ ਪੰਡਿਤ ਹਿਕਮਤਿ ਹੁਜਤਿ, ਸੰਜੈ ਕਰਹਿ ਪਿਆਰੁ ॥ | ਕਰਹਿੰ | |
| ਧਰਮੀ ਧਰਮੁ ਕਰਹਿ ਗਾਵਾਵਹਿ, ਮੰਗਹਿ ਮੋਖ ਦੁਆਰੁ ॥ | ਕਰਹਿੰ, ਗਾਵਾਵਹਿੰ, ਮੰਗਹਿੰ | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਜਤੀ ਸਦਾਵਹਿ, ਜੁਗਤਿ ਨ ਜਾਣਹਿ, ਛਡਿ ਬਹਹਿ ਘਰ ਬਾਰੁ ॥ | ਸਦਾਵਹਿੰ, ਜਾਣਹਿੰ, ਬਹਹਿੰ | ਗੁਰਮਤਿ ਅਨੁਸਾਰ ਜਤੀ ਉਹ ਨਹੀਂ ਜੋ ਇਸਤ੍ਰੀ ਤਜ ਕੇ ਸੰਨਿਆਸੀ ਹੋ ਜਾਵੇ ਕਿਉਂਕਿ ਗੁਰਮਤਿ ਜੁਗਤਿ ਤੋਂ ਬਿਨਾਂ ਘਰ ਬਾਰ ਛਡ ਕੇ ਕੋਈ ਜਤੀ ਨਹੀਂ ਬਣ ਸਕਦਾ। |
| ਸਭੁ ਕੋ ਪੂਰਾ ਆਪੇ ਹੋਵੈ, ਘਟਿ ਨ ਕੋਈ ਆਖੈ ॥ | | |
| ਪਤਿ ਪਰਵਾਣਾ ਪਿਛੈ ਪਾਈਐ, ਤਾ ਨਾਨਕ ਤੋਲਿਆ ਜਾਪੈ ॥੨॥ | ਤਾਂ | ਪਰਵਾਣਾ ਦਾ ਅਰਥ ਇਥੇ ਤੋਲ ਵਾਲਾ ਵੱਟਾ ਹੈ। ਦਰਗਾਹ ਤੋਂ ਮਨਜ਼ੂਰਸ਼ੁਦਾ ਪਤਿ ਪਰਵਾਣਾ ਪੱਲੇ ਹੋਵੇ ਤਾਂ ਦਰਗਾਹ ਵਿਚ ਪਰਖ ਵੇਲੇ ਪਲੜਾ ਭਾਰੀ ਹੁੰਦਾ ਹੈ। |
| ਮਃ ੧ ॥ | ਮਃ = ਮਹੱਲਾ | |
| ਵਦੀ ਸੁ ਵਜਗਿ ਨਾਨਕਾ, ਸਚਾ ਵੇਖੈ ਸੋਇ ॥ | ਵੱਜਗਿ | |
| ਸਭਨੀ ਛਾਲਾ ਮਾਰੀਆ, ਕਰਤਾ ਕਰੇ ਸੁ ਹੋਇ ॥ | ਸਭਨੀਂ, ਛਾਲਾਂ, ਮਾਰੀਆਂ | ਕੋਈ ਭਾਂਵੇਂ ਕੁਝ ਕਰ ਲਵੇ; ਹੁੰਦਾ ਉਹ ਹੈ ਜੋ ਕਰਤਾ ਕਰਦਾ ਹੈ। |
| ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ॥ | ਜ਼ੋਰੁ, ਨਵੇਂ | ਮਾਸਟਰ ਜਸਵੰਤ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਮੁਤਾਬਕ 'ਜੀਉ' ਦੀ ਥਾਂ ਤੇ 'ਜੀਅ' ਚਾਹੀਦਾ ਹੈ ਕਿਉਂਕਿ ਇਸ ਦਾ ਵਿਸ਼ੇਸ਼ਣ 'ਨਵੇ' ਹੈ ਨਾ ਕਿ ਨਵਾਂ। 'ਜੀਉ' ਇਕ ਵਚਨ ਹੈ ਤੇ 'ਜੀਅ' ਇਸ ਦਾ ਬਹੁਵਚਨ ਰੂਪ ਹੈ। ਮਾਸਟਰ ਜੀ ਮੁਤਾਬਕ ਕਈ ਪੁਰਾਤਨ ਸਰੂਪਾਂ ਵਿਚ ਪਾਠ 'ਨਵੇ' ਹੈ। |
| ਜਿਨ ਕੀ ਲੇਖੈ ਪਤਿ ਪਵੈ, ਚੰਗੇ ਸੇਈ ਕੇਇ ॥੩॥ | | ਜਿਨਾਂ ਦੇ ਲੇਖੇ ਵਿਚ ਦਰਗਾਹੋਂ ਪਤਿ ਪਵੇ, ਉਹੋ ਹੀ ਚੰਗੇ ਹਨ ਭਾਵ ਜਿਨਾਂ ਨੂੰ ਅਕਾਲ ਪੁਰਖ ਇਜ਼ਤ ਬਖ਼ਸ਼ੇ ਉਹੋ ਹੀ ਚੰਗੇ ਹਨ। |
| ਪਉੜੀ ॥ | | |
| ਧੁਰਿ, ਕਰਮੁ ਜਿਨਾ ਕਉ ਤੁਧੁ ਪਾਇਆ, ਤਾ ਤਿਨੀ ਖਸਮੁ ਧਿਆਇਆ ॥ | ਜਿਨਾਂ, ਤਾਂ, ਤਿਨੀਂ | |
| ਏਨਾ ਜੰਤਾ ਕੈ ਵਸਿ ਕਿਛੁ ਨਾਹੀ, ਤੁਧੁ ਵੇਕੀ ਜਗਤੁ ਉਪਾਇਆ ॥ | ਏਨਾਂ, ਜੰਤਾਂ, ਨਾਹੀਂ, ਵੇਕੀਂ | ਕਰਤਾ ਪੁਰਖ ਵਾਹਿਗੁਰੂ ਹੈ ਜਿਸਨੇ ਭਾਂਤਿ ਭਾਂਤਿ ਨਾਲ ਜਗਤ ਬਣਾਇਆ ਹੈ; ਸੋ ਬਣਾਏ ਜੰਤਾਂ ਦੇ ਹੱਥ ਵਿਚ ਕੁਝ ਨਹੀਂ ਹੈ। |
| ਇਕਨਾ ਨੋ, ਤੂੰ ਮੇਲਿ ਲੈਹਿ, ਇਕਿ ਆਪਹੁ ਤੁਧੁ ਖੁਆਇਆ ॥ | ਇਕਨਾਂ, ਲੈਹਿੰ, ਆਪਹੁੰ | ਕਈਆਂ ਨੂੰ ਉਹ ਆਪ ਮੇਲ ਲੈਂਦਾ ਹੈ ਤੇ ਕਈਆਂ ਨੂੰ ਆਪੇ ਹੀ ਭਟਕਾਉਂਦਾ ਹੈ। |
| ਗੁਰ ਕਿਰਪਾ ਤੇ ਜਾਣਿਆ, ਜਿਥੈ ਤੁਧੁ ਆਪੁ ਬੁਝਾਇਆ ॥ | | |
| ਸਹਜੇ ਹੀ, ਸਚਿ ਸਮਾਇਆ ॥੧੧॥ | | ਗੁਰੂ ਦੀ ਕਿਰਪਾ ਹੋ ਜਾਵੇ ਤਾਂ ਸਹਿਜੇ ਹੀ ਸਚ ਰੂਪੀ ਵਾਹਿਗੁਰੂ ਵਿਚ ਸਮਾ ਜਾਈਦਾ ਹੈ ਭਾਵ ਮਿਲ ਪਈਦਾ ਹੈ। |
| ਜਿਉ ਭਾਵੈ, ਤਿਉ ਰਾਖਿ ਲੈ, ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥ | ਜਿਉਂ, ਤਿਉਂ, ਸ਼ਰਣਿ | ਜਿਵੇਂ ਭਾਉਂਦਾ ਹੈ ਤਿਵੇਂ ਸਾਨੂੰ ਰੱਖ ਲੈ, ਅਸੀਂ ਤਾਂ ਹੁਣ, ਹੇ ਪ੍ਰਭੂ, ਤੇਰੀ ਸ਼ਰਣ ਵਿਚ ਆ ਗਏ ਹਾਂ। |
| ਹਮ ਭੂਲਿ ਵਿਗਾੜਹ, ਦਿਨਸੁ ਰਾਤਿ, ਹਰਿ ਲਾਜ ਰਖਾਏ ॥ | ਵਿਗਾੜਹਂ | ਅਸੀਂ ਨਿਤ ਭੁਲ ਕੇ ਭਾਵ ਗ਼ਲਤੀਆਂ ਕਰਕੇ ਤੇਰੇ ਨਾਲ ਵਿਗਾੜ ਲੈਂਦੇ ਹਾਂ ਪਰ ਤੂੰ ਸਾਡੀ ਲਾਜ ਰੱਖ ਲੈ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਹਮ ਬਾਰਿਕ, ਤੂੰ ਗੁਰੁ ਪਿਤਾ ਹੈ, ਦੇ ਮਤਿ ਸਮਝਾਏ ॥ | ਹੈਂ | ਅਸੀਂ ਬੱਚੇ ਹਾਂ ਤੇ ਤੂੰ ਸਾਡਾ ਗੁਰੂ ਪਿਤਾ ਹੈਂ ਸਾਨੂੰ ਗੁਰਮਤਿ ਬਖਸ਼ ਕੇ ਸਮਝਾ ਲੈ। |
| ਜਨੁ ਨਾਨਕੁ, ਦਾਸੁ ਹਰਿ ਕਾਂਢਿਆ, ਹਰਿ ਪੈਜ ਰਖਾਏ ॥੪॥੧੦॥੧੭॥ | | ਦਾਸ ਨਾਨਕ, ਹਰੀ ਦਾ ਦਾਸ ਜਾਣਿਆ ਜਾਂਦਾ ਹੈ, ਹੇ ਹਰੀ ਪੈਜ ਰੱਖ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਦੁਖੁ ਦਾਰੂ, ਸੁਖੁ ਰੋਗੁ ਭਇਆ, ਜਾ ਸੁਖੁ, ਤਾਮਿ ਨ ਹੋਈ ॥ | ਜਾਂ | ਦੁਖ ਵਿਚ ਪ੍ਰਭੂ ਨੂੰ ਚੇਤੇ ਕਰੀਦਾ ਹੈ ਸੋ ਐਸਾ ਦੁਖ ਦਾਰੂ ਹੈ ਤੇ ਸੁਖ ਜਿਸ ਕਰਕੇ ਪ੍ਰਭੂ ਨੂੰ ਭੁਲ ਜਾਈਏ ਰੋਗ ਹੈ; ਜਦੋਂ ਸੱਚਾ ਸੁਖ ਪ੍ਰਾਪਤ ਹੋ ਜਾਵੇ ਤਾਂ ਫਿਰ ਰੋਗ (ਤ+ਆਮਯ = ਤਬ ਆਮਯ) ਨਹੀਂ ਰਹਿੰਦਾ। |
| ਤੂੰ ਕਰਤਾ ਕਰਣਾ, ਮੈ ਨਾਹੀ, ਜਾ ਹਉ ਕਰੀ, ਨ ਹੋਈ ॥੧॥ | ਮੈਂ, ਨਾਹੀਂ, ਹਉਂ, ਕਰੀਂ | ਕਈ ਕੀਰਤਨੀ "ਕਰਣਾ ਮੈਂ ਨਾਹੀਂ" ਉਚਾਰਨ ਕਰਦੇ ਹਨ ਜੋ ਕਿ ਠੀਕ ਨਹੀਂ ਹੈ; ਬਿਸ਼ਰਾਮ "ਕਰਣਾ" ਤੇ ਲਾਉਣਾ ਹੈ। |
| ਬਲਿਹਾਰੀ, ਕੁਦਰਤਿ ਵਸਿਆ ॥ | | |
| ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥ | | |
| ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ ॥ | ਅਕੱਲ | "ਅਕਲ" ਉਚਾਰਨ ਕਰਨਾ ਗ਼ਲਤ ਹੈ ਉਚਾਰਨ "ਅਕੱਲ" ਸਹੀ ਹੈ। |
| ਤੂੰ ਸਚਾ ਸਾਹਿਬੁ, ਸਿਫਤਿ ਸੁਆਲ੍ਹਿਉ, ਜਿਨਿ ਕੀਤੀ, ਸੋ ਪਾਰਿ ਪਇਆ ॥ | ਸੱਚਾ | |
| ਕਹੁ ਨਾਨਕ, ਕਰਤੇ ਕੀਆ ਬਾਤਾ, ਜੋ ਕਿਛੁ ਕਰਣਾ, ਸੁ ਕਰਿ ਰਹਿਆ ॥੨॥ | ਕੀਆਂ, ਬਾਤਾਂ | |
| ਮਃ ੨ ॥ | ਮਃ = ਮਹੱਲਾ | 'ਸਬਦੰ' ਦਾ ਅਰਥ ਇਥੇ ਫਰਜ਼ ਜਾਂ ਧਰਮ ਹੈ। |
| ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ ॥ | ਸ਼ਬਦੰ, ਸ਼ਬਦੰ, ਸ਼ਬਦੰ | ਜੋਗ ਦਾ ਧਰਮ ਗਿਆਨ ਹੈ ਤੇ ਬ੍ਰਾਹਮਣ ਦਾ ਧਰਮ ਵੇਦ ਹੈ। |
| ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪਰਾਕ੍ਰਿਤਹ ॥ | ਸ਼ੂਰ, ਸ਼ਬਦੰ, ਸ਼ੂਦ੍ਰ, ਸ਼ਬਦੰ | ਖਤਰੀ ਦਾ ਧਰਮ ਸੂਰਬੀਰਤਾ ਹੈ ਤੇ ਸ਼ੁਦਰ ਦਾ ਧਰਮ ਪਰਾਈ ਕਿਰਤ ਮੰਨਿਆ ਗਿਆ ਹੈ। |
| ਸਰਬ ਸਬਦੰ ਏਕ ਸਬਦੰ, ਜੇ ਕੋ ਜਾਣੈ ਭੇਉ ॥ | ਸ਼ਬਦੰ, ਸ਼ਬਦੰ | ਪਰ ਗੁਰਮਤਿ ਅਨੁਸਾਰ, ਸਾਰਿਆਂ ਦਾ ਧਰਮ ਇਕ ਗੁਰਮੰਤ੍ਰ ਰੂਪੀ ਸ਼ਬਦ ਹੈ ਭਾਵ ਸ਼ਬਦ ਦਾ ਸਿਮਰਨ ਹੈ; ਜੇ ਕੋਈ ਇਸ ਭੇਦ ਨੂੰ ਜਾਣ ਲਵੇ... |
| ਨਾਨਕੁ ਤਾ ਕਾ ਦਾਸੁ ਹੈ, ਸੋਈ ਨਿਰੰਜਨ ਦੇਉ ॥੩॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਾਨਕ ਉਸ ਦਾ ਦਾਸ ਹੈ ਕਿਉਂਕਿ ਉਹ ਨਿਰੰਜਨ ਦੇਵ ਰੂਪ ਹੈ ਭਾਵ ਰਬ ਦਾ ਰੂਪ ਹੈ। |
| ਮਃ ੨ ॥ | ਮਃ = ਮਹੱਲਾ | |
| ਏਕ ਕ੍ਰਿਸਨੰ ਸਰਬ ਦੇਵਾ ਦੇਵ, ਦੇਵਾ ਤ ਆਤਮਾ ॥ | ਕ੍ਰਿਸ਼ਨੰ, ਦੇਵਾਂ-ਦੇਵ | ਇਕ ਕ੍ਰਿਸ਼ਨ ਭਾਵ ਇਕ ਪਰਮਾਤਮਾ ਸਭ ਦੇਵਾਂ ਦਾ ਦੇਵ ਹੈ ਤੇ ਆਤਮਾ ਦਾ ਵੀ ਦੇਵ ਹੈ। |
| ਆਤਮਾ ਬਾਸੁਦੇਵਸ੍ਿ, ਜੇ ਕੋ ਜਾਣੈ ਭੇਉ ॥ | ਬਾਸੁਦੇਵਸਿਅ | ਜੇ ਕੋਈ ਆਤਮਾ ਦਾ ਅਤੇ ਵਾਸੁਦੇਵ ਪਰਮਾਤਮਾ ਦਾ ਭੇਦ ਜਾਣ ਲਵੇ... |
| ਨਾਨਕੁ ਤਾ ਕਾ ਦਾਸੁ ਹੈ, ਸੋਈ ਨਿਰੰਜਨ ਦੇਉ ॥੪॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਾਨਕ ਉਸ ਦਾ ਦਾਸ ਹੈ ਕਿਉਂਕਿ ਉਹ ਨਿਰੰਜਨ ਦੇਵ ਰੂਪ ਹੈ ਭਾਵ ਰਬ ਦਾ ਰੂਪ ਹੈ। |
| ਮਃ ੧ ॥ | ਮਃ = ਮਹੱਲਾ | |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ ॥ | ਬੰਧਾ | ਇਥੇ ਹਜ਼ੂਰ ਨੇ ੨ ਤਸ਼ਬੀਹਾਂ ਵਰਤੀਆਂ ਹਨ – ੧) ਘੜੇ ਦਾ ਬੰਨਿਆ ਹੋਇਆ ਜਲ ਰਹਿੰਦਾ ਹੈ। ੨) ਜਲ ਤੋਂ ਬਿਨਾ ਘੜਾ ਨਹੀਂ ਬਣ ਸਕਦਾ। ਇਸੇ ਤਰਾਂ ਹੀ ... |
| ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨੁ ਨ ਹੋਇ ॥੫॥ | ਬੰਧਾ | ਗਿਆਨ ਦਾ ਬੰਨਿਆ ਹੋਇਆ ਮਨ ਰਹਿੰਦਾ ਹੈ ਭਾਵ ਗਿਆਨ ਨਾਲ ਹੀ ਮਨ ਵੱਸ ਆਉਂਦਾ ਹੈ ਤੇ ਇਹ ਗਿਆਨ ਗੁਰੂ ਤੋਂ ਬਿਨਾਂ ਨਹੀਂ ਮਿਲਦਾ। ਸਾਰੇ ਸਲੋਕ ਦਾ ਮੂਲ ਭਾਵ ਇਹ ਹੈ ਕਿ ਗੁਰੂ ਤੋਂ ਬਿਨਾਂ ਗਿਆਨ ਨਹੀਂ ਮਿਲਦਾ ਤੇ ਗਿਆਨ ਤੋਂ ਬਿਨਾਂ ਮਨ ਵੱਸ ਨਹੀਂ ਆਉਂਦਾ। |
| ਪਉੜੀ ॥ | | ਇਹ ਪਉੜੀ ਅਗੇ ਦਰਗਹ ਵਿਚ ਇਨਸਾਫ ਬਾਰੇ ਦਸਦੀ ਹੈ। |
| ਪੜਿਆ ਹੋਵੈ ਗੁਨਹਗਾਰੁ, ਤਾ ਓਮੀ ਸਾਧੁ ਨ ਮਾਰੀਐ ॥ | ਤਾਂ | ਓਮੀ = ਅਨਪੜ<br>੨. ਦਰਗਹ ਵਿਚ ਦੁਨੀਆ ਵਾਂਗ ਮਾੜਾ ਜਾਂ ਗਰੀਬ ਮਨੁਖ ਕਿਸੇ ਪੜੇ ਲਿਖੇ ਗੁਨਹਗਾਰ ਦੀ ਥਾਂ ਤੇ ਨਹੀਂ ਫੜਿਆ ਜਾਂਦਾ। |
| ਜੇਹਾ ਘਾਲੇ ਘਾਲਣਾ, ਤੇਵੇਹੋ ਨਾਉ ਪਚਾਰੀਐ ॥ | ਨਾਉਂ | ਜਿਹੋ ਜੇਹੀ ਦੀ ਕੋਈ ਘਾਲਣਾ ਘਾਲਦਾ ਹੈ ਉਹੋ ਜਿਹਾ ਹੀ ਉਸਦਾ ਨਾਂ ਹੁੰਦਾ ਹੈ ਭਾਵ ਮਸ਼ਹੂਰੀ ਹੁੰਦੀ ਹੈ। |
| ਐਸੀ ਕਲਾ ਨ ਖੇਡੀਐ, ਜਿਤੁ ਦਰਗਹ ਗਇਆ ਹਾਰੀਐ ॥ | | ਐਸੀ ਕਲਾ ਨਹੀਂ ਖੇਡਣੀ ਚਾਹੀਦੀ ਭਾਵ ਐਸਾ ਕੰਮ ਨਹੀਂ ਕਰਨਾ ਚਾਹੀਦਾ ਜੀਹਦੇ ਕਰਕੇ ਦਰਗਾਹ ਵਿਚ ਹਾਰਨਾ ਪਵੇ। |
| ਪੜਿਆ ਅਤੈ ਓਮੀਆ ਵੀਚਾਰੁ, ਅਗੈ ਵੀਚਾਰੀਐ ॥ | | ਪੜੇ ਅਤੇ ਓਮੀ ਦਾ ਵਿਚਾਰ, ਅਗੇ ਜਾ ਕੇ ਵਿਚਾਰਿਆ ਜਾਂਦਾ ਹੈ। |
| ਮੁਹਿ ਚਲੈ, ਸੁ ਅਗੈ ਮਾਰੀਐ ॥੧੨॥ | | ਮੁਹਿ ਦਾ ਅਰਥ ਹੈ ਠਗਣਾ – ਜੋ ਠਗ ਕੇ ਚਲਦਾ ਹੈ ਉਹ ਅਗੇ ਮਾਰਿਆ ਜਾਂਦਾ ਹੈ। |
| ਆਸਾ ਮਹਲਾ ੪ ॥ | ਮਹੱਲਾ | |
| ਜਿਨ ਮਸਤਕਿ ਧੁਰਿ ਹਰਿ ਲਿਖਿਆ, ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ | ਤਿਨਾਂ | ਜਿਨਾਂ ਦੇ ਮਸਤਕ ਤੇ ਧੁਰੋਂ ਹਰੀ ਨੇ ਲਿਖਿਆ ਹੈ ਉਹਨਾਂ ਨੂੰ ਹੀ ਸਤਿਗੁਰ ਮਿਲਿਆ ਹੈ। ਜੇ ਮਸਤਕ ਤੇ ਇਹ ਸ਼ੁਭ ਲੇਖ ਨਾ ਹੋਣ ਤਾਂ ਕੋਈ ਲੱਖ ਜ਼ੋਰ ਲਾ ਲਵੇ, ਪ੍ਰਾਣੀ ਸਿੱਖ ਨਹੀਂ ਬਣ ਸਕਦਾ। ਸੋ ਪਰਚਾਰ ਉਥੇ ਹੀ ਸਫਲ ਹੁੰਦਾ ਹੈ ਜਿਥੇ ਕਿਸੇ ਦੇ ਮਸਤਕ ਤੇ ਸਿਖ ਬਨਣ ਦੇ ਲੇਖ ਲਿਖੇ ਹੋਣ। |
| ਅਗਿਆਨੁ ਅੰਧੇਰਾ ਕਟਿਆ, ਗੁਰਗਿਆਨੁ ਘਟਿ ਬਲਿਆ ॥ | | ਗੁਰੂ ਦੇ ਮਿਲਣ ਨਾਲ, ਅਗਿਆਨ ਰੂਪੀ ਹਨੇਰਾ ਕਟਿਆ ਗਿਆ ਤੇ ਗੁਰਗਿਆਨ ਰੂਪੀ ਚਾਨਣ ਘਟ ਅੰਦਰ ਜਗ ਗਿਆ। |
| ਹਰਿ ਲਧਾ ਰਤਨੁ ਪਦਾਰਥੋ, ਫਿਰਿ ਬਹੁੜਿ ਨ ਚਲਿਆ ॥ | ਲੱਧਾ | ਇਕ ਵਾਰੀ ਇਹ ਰਤਨ ਪਦਾਰਥ ਰੂਪੀ ਹਰੀ ਲਭ ਪਵੇ ਤਾਂ ਫਿਰ ਕਦੇ ਜਾਂਦਾ ਨਹੀਂ ਭਾਵ ਗੁਆਚਦਾ ਨਹੀਂ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਜਨ ਨਾਨਕ ਨਾਮੁ ਆਰਾਧਿਆ, ਆਰਾਧਿ ਹਰਿ ਮਿਲਿਆ ॥੧॥ | | "ਆਰਾਧਿ ਹਰਿ ਮਿਲਿਆ" ਦਾ ਅਰਥ ਹੈ ਨਾਮ ਆਰਾਧ ਕੇ ਹਰਿ ਮਿਲਿਆ; ਸੋ ਇਹ ਗੁਰਮਤਿ ਸਿਧਾਂਤ ਹੈ ਕਿ ਨਾਮ ਜਪਕੇ ਹੀ ਹਰੀ ਮਿਲਦਾ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਨਾਨਕ, ਮੇਰੁ ਸਰੀਰ ਕਾ, ਇਕੁ ਰਥੁ, ਇਕੁ ਰਥਵਾਹੁ ॥ | | ਪਰਬਤਾਂ ਵਿਚੋਂ ਮੇਰ ਤੇ ਸਰੀਰਾਂ ਵਿਚੋਂ ਇਨਸਾਨੀ ਸਰੀਰ ਉਤਮ ਹੈ – ਇਥੇ ਸਰੀਰ ਨੂੰ ਰੱਥ ਜਾਣੋ ਤੇ ਜੀਵ ਆਤਮਾ ਨੂੰ ਰਥਵਾਹੀ ਜਾਣੋ। |
| ਜੁਗੁ ਜੁਗੁ ਫੇਰਿ ਵਟਾਈਅਹਿ, ਗਿਆਨੀ ਬੁਝਹਿ ਤਾਹਿ ॥ | ਵਟਾਈਅਹਿੰ, ਬੁਝਹਿੰ, ਤਾਹਿੰ | |
| ਸਤਜੁਗਿ ਰਥੁ ਸੰਤੋਖ ਕਾ, ਧਰਮੁ ਅਗੈ ਰਥਵਾਹੁ ॥ | | ੧. 'ਰਥਵਾਹੁ' ਦਾ ਉਚਾਰਨ ਰਥਵਾਹੋ ਕਰਨਾ ਗ਼ਲਤ ਹੈ।<br>੨. ਜਦੋਂ ਰਥਵਾਹੀ ਧਰਮ ਹੋਵੇ ਤਾਂ ਰਥ ਸੰਤੋਖ ਦਾ ਹੁੰਦਾ ਹੈ। ਜਦੋਂ ਜੀਵ ਆਤਮਾ ਧਰਮੀ ਹੋਵੇ ਤਾਂ ਸਰੀਰ ਵੀ ਮਾਇਕ ਪਦਾਰਥਾਂ ਵਲੋਂ ਸੰਤੋਖੀ ਰਹਿੰਦਾ ਹੈ। ਇਸ ਤਰਾਂ ਸਤਿਜੁਗ ਦਾ ਵਰਤਾਰਾ ਹੁੰਦਾ ਹੈ। |
| ਤ੍ਰੇਤੈ ਰਥੁ ਜਤੈ ਕਾ, ਜੋਰੁ ਅਗੈ ਰਥਵਾਹੁ ॥ | ਜ਼ੋਰੁ | ਜਦੋਂ ਰਥਵਾਹੀ ਜ਼ੋਰ ਹੋਵੇ ਭਾਵ ਤਾਕਤਵਰ ਹੋਵੇ ਤਾਂ ਸਰੀਰ ਬਿਕਾਰਾਂ ਤੋਂ ਬਚਿਆ ਰਹਿੰਦਾ ਹੈ ਤੇ ਅਜਿਹਾ ਰਥ ਜਤ ਦਾ ਹੁੰਦਾ ਹੈ। |
| ਦੁਆਪੁਰਿ ਰਥੁ ਤਪੈ ਕਾ, ਸਤੁ ਅਗੈ ਰਥਵਾਹੁ ॥ | | ਜਦੋਂ ਰਥਵਾਹੀ ਸਤ ਹੋਵੇ ਤਾਂ ਸਰੀਰ ਜਾਂ ਰਥ ਉਦੋਂ ਤਪ ਦਾ ਹੁੰਦਾ ਹੈ ਭਾਵ ਐਸਾ ਸਰੀਰ ਤਪਾਂ ਵਿਚ ਮਸ਼ਗੂਲ ਰਹਿੰਦਾ ਹੈ। |
| ਕਲਜੁਗਿ ਰਥੁ ਅਗਨਿ ਕਾ, ਕੂੜੁ ਅਗੈ ਰਥਵਾਹੁ ॥੧॥ | | ਜਦੋਂ ਰਥਵਾਹੀ ਕੂੜ ਹੋਵੇ ਤਾਂ ਰਥ ਤ੍ਰਿਸ਼ਨਾ ਰੂਪੀ ਅਗਨੀ ਦਾ ਹੁੰਦਾ ਹੈ। |
| ਮਃ ੧ ॥ | ਮਃ = ਮਹੱਲਾ | |
| ਸਾਮ ਕਹੈ ਸੇਤੰਬਰੁ ਸੁਆਮੀ, ਸਚ ਮਹਿ ਆਛੈ ਸਾਚਿ ਰਹੇ ॥ | | 'ਸਾਮ' ਦਾ ਉਚਾਰਨ 'ਸ਼ਾਮ' ਨਹੀਂ ਕਰਨਾ। |
| ਸਭੁ ਕੋ ਸਚਿ ਸਮਾਵੈ ॥ | | |
| ਰਿਗੁ ਕਹੈ ਰਹਿਆ ਭਰਪੂਰਿ ॥ | | |
| ਰਾਮ ਨਾਮੁ, ਦੇਵਾ ਮਹਿ ਸੂਰੁ ॥ | ਦੇਵਾਂ | |
| ਨਾਇ ਲਇਐ, ਪਰਾਛਤ ਜਾਹਿ ॥ | ਲਇਐਂ, ਜਾਹਿੰ | |
| ਨਾਨਕ, ਤਉ ਮੋਖੰਤਰੁ ਪਾਹਿ ॥ | ਪਾਹਿੰ | |
| ਜੁਜ ਮਹਿ, ਜੋਰਿ ਛਲੀ ਚੰਦ੍ਰਾਵਲਿ, ਕਾਨ੍ ਕ੍ਰਿਸਨੁ ਜਾਦਮੁ ਭਇਆ ॥ | ਜ਼ੋਰਿ, ਕ੍ਰਿਸ਼ਨੁ | |
| ਪਾਰਜਾਤੁ ਗੋਪੀ ਲੈ ਆਇਆ, ਬਿੰਦ੍ਰਾਬਨ ਮਹਿ ਰੰਗੁ ਕੀਆ ॥ | | |
| ਕਲਿ ਮਹਿ, ਬੇਦੁ ਅਥਰਬਣੁ ਹੂਆ, ਨਾਉ ਖੁਦਾਈ ਅਲਹੁ ਭਇਆ ॥ | ਨਾਉਂ, ਅਲੱਹ | 'ਅਲਹੁ' ਦਾ ਉਚਾਰਨ 'ਅਲਹੋ' ਕਰਨਾ ਠੀਕ ਨਹੀਂ ਬਲਕਿ ਉਚਾਰਨ 'ਅਲੱਹ' ਹੀ ਦਰੁਸਤ ਹੈ। |
| ਨੀਲ ਬਸਤ੍ਰ ਲੇ ਕਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ ॥ | ਪਠਾਣੀਂ | |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਚਾਰੇ ਵੇਦ ਹੋਏ ਸਚਿਆਰ ॥ | | |
| ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥ | ਪੜਹਿਂ, ਗੁਣਹਿਂ | |
| ਭਾਉ ਭਗਤਿ ਕਰਿ, ਨੀਚੁ ਸਦਾਏ ॥ | | ਇਹ ਗੁਰਮਤਿ ਦਾ ਸਿਧਾਂਤ ਹੈ ਕਿ ਜੇਕਰ ਪ੍ਰੇਮਾ ਭਗਤੀ ਕਰਕੇ ਨੀਚ ਸਦਾਵੇ ਭਾਵ ਨਿਮ੍ਰਤਾ ਧਾਰਨ ਕਰੇ ਤਾਂ ਹੀ... |
| ਤਉ ਨਾਨਕ, ਮੋਖੰਤਰੁ ਪਾਏ ॥੨॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੀਵ ਮੋਖੰਤਰ ਪਾ ਸਕਦਾ ਹੈ। |
| ਪਉੜੀ ॥ | | |
| ਸਤਿਗੁਰ ਵਿਟਹੁ ਵਾਰਿਆ, ਜਿਤੁ ਮਿਲਿਐ, ਖਸਮੁ ਸਮਾਲਿਆ ॥ | ਵਿਟਹੁਂ, ਮਿਲਿਐਂ | ਸਤਿਗੁਰ ਤੋਂ ਕੁਰਬਾਨ ਹਾਂ ਜਿਸ ਦੇ ਮਿਲਿਆਂ ਖ਼ਸਮ ਸੰਮਾਲਿਆ ਭਾਵ ਸਿਮਰਿਆ ਗਿਆ। |
| ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ, ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ | ਉਪਦੇਸ਼ੁ, ਇਨ੍ਹੀਂ, ਨੇਤ੍ਰੀਂ | |
| ਖਸਮੁ ਛੋਡਿ, ਦੂਜੈ ਲਗੇ, ਡੁਬੇ ਸੇ ਵਣਜਾਰਿਆ ॥ | | ਜੋ ਕਚੇ ਵਾਪਾਰੀ, ਸਾਹਿਬ ਨੂੰ ਛਡ ਕੇ ਮਾਇਆ (ਦੂਜੈ) ਲਗੇ ਹਨ ਉਹ ਇਸ ਭਵਸਾਗਰ ਵਿਚ ਡੁਬ ਗਏ ਹਨ। |
| ਸਤਿਗੁਰੂ ਹੈ ਬੋਹਿਥਾ, ਵਿਰਲੈ ਕਿਨੈ ਵੀਚਾਰਿਆ ॥ | | ਸਤਿਗੁਰੂ ਇਸ ਭਵਜਲ ਤੋਂ ਪਾਰ ਲੰਘਣ ਵਾਸਤੇ ਜਹਾਜ਼ ਰੂਪ ਹੈ ਪਰ ਇਹ ਕਿਸੇ ਵਿਰਲੇ ਨੇ ਹੀ ਵਿਚਾਰਿਆ ਹੈ। |
| ਕਰਿ ਕਿਰਪਾ, ਪਾਰਿ ਉਤਾਰਿਆ ॥੧੩॥ | | |
| ਜਿਨੀ ਐਸਾ ਹਰਿ ਨਾਮੁ ਨ ਚੇਤਿਓ, ਸੇ ਕਾਹੇ ਜਗਿ ਆਏ ਰਾਮ ਰਾਜੇ ॥ | ਜਿਨੀਂ | ਜਿਨਾਂ ਨੇ ਐਸਾ ਗੁਰਮਤਿ ਨਾਮ ਨਹੀਂ ਚੇਤਿਆ, ਉਹ ਇਸ ਦੁਨੀਆ ਵਿਚ ਆਏ ਹੀ ਕਿਉਂ ਹਨ ਭਾਵ ਉਹਨਾਂ ਦਾ ਇਥੇ ਆਇਆ ਵਿਅਰਥ ਹੈ। |
| ਇਹੁ ਮਾਣਸ ਜਨਮੁ ਦੁਲੰਭੁ ਹੈ, ਨਾਮ ਬਿਨਾ, ਬਿਰਥਾ ਸਭੁ ਜਾਏ ॥ | | ਇਹ ਮਨੁੱਖਾ ਜਨਮ ਦੁਰਲਭ ਹੈ ਤੇ ਨਾਮ ਜਪਣ ਤੋਂ ਬਿਨਾਂ ਸਭ ਬਿਰਥਾ ਜਾਂਦਾ ਹੈ। |
| ਹੁਣਿ ਵਤੈ, ਹਰਿ ਨਾਮੁ ਨ ਬੀਜਿਓ, ਅਗੈ ਭੁਖਾ ਕਿਆ ਖਾਏ ॥ | | ਹੁਣ ਵੱਤਰ ਵੇਲੇ ਭਾਵ ਮਨੁੱਖਾ ਜਨਮ ਦੇ ਹੁੰਦਿਆਂ ਜਦੋਂ ਨਾਮ ਜਪਣ ਦਾ ਵਕਤ ਹੈ, ਨਾਮ ਜਪਣ ਰੂਪੀ ਬੀਜ ਨਹੀਂ ਬੀਜਿਆ ਤਾਂ ਇਹ ਜੀਵ ਅਗੇ ਜਾ ਕੇ ਕੀ ਖਾਵੇਗਾ। |
| ਮਨਮੁਖਾ ਨੋ ਫਿਰਿ ਜਨਮੁ ਹੈ, ਨਾਨਕ, ਹਰਿ ਭਾਏ ॥੨॥ | ਮਨਮੁਖਾਂ | ਮਨਮੁਖਾਂ (ਜੋ ਨਾਮ ਨਹੀਂ ਜਪਦੇ) ਨੂੰ ਫੇਰ ਤੋਂ ਜਨਮ ਲੈਣਾ ਪੈਂਦਾ ਹੈ ਤੇ ਹਰੀ ਨੂੰ ਇਵੇਂ ਹੀ ਭਾਉਂਦਾ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਸਿੰਮਲ ਰੁਖੁ ਸਰਾਇਰਾ, ਅਤਿ ਦੀਰਘ, ਅਤਿ ਮੁਚੁ ॥ | ਰੁੱਖੁ, ਮੁੱਚੁ | ਸਿੰਮਲ ਦਾ ਰੁਖ ਲੰਬਾ (ਸਰਾਇਰਾ) ਬਹੁਤ ਵੱਡਾ ਤੇ ਮੋਟਾ ਹੁੰਦਾ ਹੈ। |
| ਓਇ ਜਿ ਆਵਹਿ ਆਸ ਕਰਿ, ਜਾਹਿ ਨਿਰਾਸੇ ਕਿਤੁ ॥ | ਆਵਹਿਂ, ਜਾਹਿਂ, ਨਿਰਾਸ਼ੇ | ਪਰ ਜੋ ਇਸ ਰੁਖ ਦੀ ਹਸਤੀ ਦੇਖ ਕੇ ਆਸ ਧਰ ਕੇ ਇਸ ਵੱਲ ਆਉਂਦੇ ਹਨ, ਉਹ ਕਿਉਂ ਨਿਰਾਸ਼ ਜਾਂਦੇ ਹਨ? ਅੱਗੇ ਹਜ਼ੂਰ ਜਵਾਬ ਦਿੰਦੇ ਹਨ। |
| ਫਲ ਫਿਕੇ, ਫੁਲ ਬਕਬਕੇ, ਕੰਮਿ ਨ ਆਵਹਿ ਪਤ ॥ | ਫਿੱਕੇ, ਆਵਹਿਂ | ਕਿਉਂਕਿ, ਇਸ ਦੇ ਫਲ ਫਿਕੇ (ਬੇਸੁਆਦ), ਫੁਲ ਬਦਸੂਰਤ ਹੁੰਦੇ ਹਨ ਤੇ ਇਸ ਦੇ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤੁ ॥ | ਚੰਗਿਆਈਆਂ, ਤੱਤੁ | ਮਿਠਤ ਭਾਵ ਮਿਠਾ ਸੁਭਾਅ ਤੇ ਨਿਵਣਾ ਭਾਵ ਨਿਮ੍ਰਤਾ ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਹੈ। ਮਤਲਬ ਹੈ ਕਿ ਮਹਾਨ ਹੋਣ ਦੀ ਨਿਸ਼ਾਨੀ ਬਾਹਰਮੁਖੀ ਵਡੱਪਣ ਨਹੀਂ ਬਲਕਿ ਗੁਰਮਤਿ ਗੁਣਾਂ ਦਾ ਧਾਰਨ ਕਰਨਾ ਹੈ। |
| ਸਭੁ ਕੋ ਨਿਵੈ ਆਪ ਕਉ, ਪਰ ਕਉ ਨਿਵੈ ਨ ਕੋਇ ॥ | | ਹਰ ਕੋਈ ਆਪਣੇ ਫਾਇਦੇ ਲਈ ਨਿਵਦਾ ਹੈ ਤੇ ਕਿਸੇ ਹੋਰ ਲਈ ਕੋਈ ਨਹੀਂ ਨਿਵਦਾ ਪਰ... |
| ਧਰਿ ਤਾਰਾਜੂ ਤੋਲੀਐ, ਨਿਵੈ ਸੁ, ਗਉਰਾ ਹੋਇ ॥ | ਤਾਰਾਜ਼ੂ | ਤੱਕੜੀ ਵਿਚ ਧਰਕੇ ਤੇ ਤੋਲ ਕੇ ਦੇਖੋ, ਉਹ ਨਿਵਦਾ ਹੈ, ਜੋ ਭਾਰਾ (ਗਉਰਾ) ਹੁੰਦਾ ਹੈ। |
| ਅਪਰਾਧੀ ਦੂਣਾ ਨਿਵੈ, ਜੋ ਹੰਤਾ ਮਿਰਗਾਹਿ ॥ | | (ਪਰ ਨਿਵਣ ਨਾਲ ਹੀ ਇਹ ਨਹੀਂ ਕਿਹਾ ਜਾ ਸਕਦਾ ਕਿ ਇਨਸਾਨ ਖਰਾ ਹੈ ਕਿਉਂਕਿ) ਕਈ ਦਫ਼ਾ ਅਪਰਾਧੀ ਬੰਦਾ ਬਹੁਤਾ ਨਿਵਦਾ ਹੈ ਜਿਵੇਂ ਸ਼ਿਕਾਰੀ ਹਿਰਨ ਦਾ ਸ਼ਿਕਾਰ ਕਰਨ ਲਗਾ ਬਹੁ ਭਾਂਤਿ ਨਿਵਦਾ ਹੈ। |
| ਸੀਸਿ ਨਿਵਾਇਐ, ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ ॥੧॥ | ਨਿਵਾਇਐਂ, ਕੁਸ਼ੁਧੇ, ਜਾਹਿੰ | ਸਿਰਫ ਸੀਸ ਨਿਵਾਉਣ ਨਾਲ ਕੀ ਹੁੰਦਾ ਹੈ ਜੇਕਰ ਦਿਲ ਕਰਕੇ ਮੈਲੇ ਹੋਣ। |
| ਮਃ ੧ ॥ | ਮਃ = ਮਹੱਲਾ | |
| ਪੜਿ ਪੁਸਤਕ, ਸੰਧਿਆ ਬਾਦੰ ॥ | | ਧਾਰਮਕ ਪੁਸਤਕਾਂ ਪੜ ਕੇ ਸ਼ਾਮ ਨੂੰ ਬਹਿਸ ਕਰਦਾ ਹੈ। |
| ਸਿਲ ਪੂਜਸਿ, ਬਗੁਲ ਸਮਾਧੰ ॥ | | ਪੱਥਰ ਪੂਜਦਾ ਹੈ ਤੇ ਬਗੁਲੇ ਵਾਲੀ ਸਮਾਧ ਲਾਉਂਦਾ ਹੈ। |
| ਮੁਖਿ ਝੂਠ ਬਿਭੂਖਣ ਸਾਰੰ ॥ | | ਮੁਖ ਤੋਂ ਝੂਠ ਬੋਲਦਾ ਹੈ ਪਰ ਆਪਣੇ ਝੂਠ ਨੂੰ ਗਹਿਣਿਆਂ ਵਾਂਗ ਸੋਹਣਾ ਪੇਸ਼ ਕਰਦਾ ਹੈ। |
| ਤ੍ਰੈਪਾਲ ਤਿਹਾਲ ਬਿਚਾਰੰ ॥ | | ਤਿਨਾਂ ਪਾਲਾਂ ਵਾਲਾ ਗਾਇਤ੍ਰੀ ਮੰਤ੍ਰ ਤਿੰਨ ਵਾਰੀ ਪੜਦਾ ਹੈ। |
| ਗਲਿ ਮਾਲਾ, ਤਿਲਕੁ ਲਿਲਾਟੰ ॥ | | ਗਲ ਵਿਚ ਮਾਲਾ ਤੇ ਮੱਥੇ ਤੇ ਤਿਲਕ ਲਾਉਂਦਾ ਹੈ। |
| ਦੁਇ ਧੋਤੀ, ਬਸਤ੍ਰ ਕਪਾਟੰ ॥ | | ਦੋ ਧੋਤੀਆਂ ਰੱਖਦਾ ਹੈ ਤੇ ਸਿਰ ਤੇ ਬਸਤਰ ਰੱਖਦਾ ਹੈ। |
| ਜੇ ਜਾਣਸਿ ਬ੍ਰਹਮੰ ਕਰਮੰ ॥ | | ਜੇ ਅਜਿਹਾ ਪੁਰਖ ਨਾਮ ਜਪਨ ਰੂਪੀ ਬ੍ਰਹਮ ਕਰਮ ਜਾਣਦਾ ਹੋਵੇ ਤਾਂ ... |
| ਸਭਿ ਫੋਕਟ ਨਿਸਚਉ ਕਰਮੰ ॥ | ਨਿਸ਼ਚਉ | ...ਉਪਰਲੇ ਸਭ ਕਰਮਾਂ ਨੂੰ ਉਹ ਫੋਕਟ ਭਾਵ ਖਾਲੀ ਸਮਝੇ। |
| ਕਹੁ ਨਾਨਕ, ਨਿਹਚਉ ਧਿਆਵੈ ॥ | | ਗੁਰੁ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਨੂੰ ਮਿਲਣ ਦਾ ਰਸਤਾ ਹੈ , ਯਕੀਨ ਨਾਲ ਧਿਆਵੇ। |
| ਵਿਣੁ ਸਤਿਗੁਰ, ਵਾਟ ਨ ਪਾਵੈ ॥੨॥ | | ਇਹ ਪਰਮਾਤਮਾ "ਨਿਹਚਉ ਧਿਆਵੈ" ਵਾਲਾ ਰਸਤਾ ਬਿਨਾਂ ਸਤਿਗੁਰ ਤੋਂ ਨਹੀਂ ਪਾਇਆ ਜਾ ਸਕਦਾ। |
| ਪਉੜੀ ॥ | | |
| ਕਪੜੁ ਰੂਪੁ ਸੁਹਾਵਣਾ, ਛਡਿ ਦੁਨੀਆ ਅੰਦਰਿ ਜਾਵਣਾ ॥ | | ਕਪੜੇ ਤੇ ਸੋਹਣਾ ਰੂਪ, ਦੁਨੀਆਂ ਅੰਦਰ ਛੱਡ ਕੇ ਜਾਣਾ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ ॥ | | ਆਪਣਾ ਕੀਤਾ ਮੰਦਾ ਜਾਂ ਚੰਗਾ, ਆਪੇ ਹੀ ਪਾਉਣਾ ਹੈ ਭਾਵ ਆਪਣੇ ਮੰਦੇ ਚੰਗੇ ਕੀਤੇ ਦਾ ਫਲ ਆਪੇ ਹੀ ਭੋਗਣਾ ਹੈ। |
| ਹੁਕਮ ਕੀਏ ਮਨਿ ਭਾਵਦੇ, ਰਾਹਿ ਭੀੜੈ ਅਗੈ ਜਾਵਣਾ ॥ | ਭਾਂਵਦੇ | ਜਿਸ ਨੇ ਮਨ ਭਾਂਵਦੇ ਹੁਕਮ ਕੀਤੇ ਹਨ (ਦੂਸਰਿਆਂ ਦੀ ਤੰਗੀ ਦੀ ਪਰਵਾਹ ਕੀਤੇ ਬਗ਼ੈਰ) ਉਸਨੇ ਅਗੇ ਭੀੜੇ ਰਾਹ ਭਾਵ ਅਉਖੇ ਰਾਹ ਜਾਣਾ ਹੈ। |
| ਨੰਗਾ ਦੋਜਕਿ ਚਾਲਿਆ, ਤਾ ਦਿਸੈ ਖਰਾ ਡਰਾਵਣਾ ॥ | ਦੋਜ਼ਕਿ, ਤਾਂ | ਜਦੋਂ ਨੰਗਾ ਨਰਕ ਵਿਚ ਲਿਜਾਇਆ ਗਿਆ ਤਾਂ ਇਹ ਨਰਕ ਉਸਨੂੰ ਬਹੁਤ (ਖਰਾ) ਡਰਾਉਣਾ ਲਗਣਾ ਹੈ। |
| ਕਰਿ ਅਉਗਣ, ਪਛੋਤਾਵਣਾ ॥੧੪॥ | | ਅਉਗਣ ਕਰਕੇ ਪਛਤਾਉਣਾ ਪੈਣਾ ਹੈ। |
| ਤੂੰ ਹਰਿ ਤੇਰਾ ਸਭੁ ਕੋ, ਸਭਿ ਤੁਧੁ ਉਪਾਏ ਰਾਮ ਰਾਜੇ ॥ | | ਤੂੰ ਹਰੀ (ਹਰਿ ਲੈਣ ਵਾਲਾ) ਹੈਂ ਤੇ ਹਰ ਕੋਈ ਤੇਰਾ ਹੈ ਤੇ ਤੇਰਾ ਪੈਦਾ ਕੀਤਾ ਹੋਇਆ ਹੈ। |
| ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ, ਸਭਿ ਚਲਹਿ ਚਲਾਏ ॥ | ਨਾਹੀਂ, ਚਲਹਿਂ | ਕਿਸੇ ਦੇ ਹੱਥ ਵਿਚ ਕੁਝ ਨਹੀਂ ਹੈ ਤੇ ਸਭ ਉਸ ਦੇ ਚਲਾਏ ਚਲਦੇ ਹਨ। |
| ਜਿਨ੍ ਤੂੰ ਮੇਲਹਿ ਪਿਆਰੇ, ਸੇ ਤੁਧੁ ਮਿਲਹਿ, ਜੋ ਹਰਿ ਮਨਿ ਭਾਏ ॥ | | ੧. ਜਿਨਾਂ ਨੂੰ ਤੂੰ ਮੇਲ ਲਵੇਂ ਉਹ ਤੇਰੇ ਪਿਆਰੇ ਹਨ ਕਿਉਂਕਿ ਉਹ ਹੀ ਤੈਨੂੰ ਮਿਲਦੇ ਹਨ ਜੋ ਹੇ ਹਰੀ ਤੇਰੇ ਮਨ ਨੂੰ ਭਾਉਂਦੇ ਹਨ।<br>੨. 'ਸੇ' ਪਦ ਇਥੇ ਦੇਹੁਲੀ ਦੀਪਕ ਹੈ – "ਪਿਆਰੇ ਸੇ" ਅਤੇ "ਸੇ ਤੁਧੁ ਮਿਲਹਿ"।<br>੩. ਕਈ ਦਾਨੇ ਇਹ ਵੀ ਅਰਥ ਕਰਦੇ ਹਨ – ਹੇ ਪਿਆਰੇ, ਜਿਨਾਂ ਨੂੰ ਤੂੰ ਮੇਲ ਲਵੇਂ ਉਹ ਤੈਨੂੰ ਮਿਲਦੇ ਹਨ, ਜੋ ਹੇ ਹਰੀ, ਤੈਨੂੰ ਮਨ ਕਰਕੇ ਭਾਉਂਦੇ ਹਨ। |
| ਜਨ ਨਾਨਕ ਸਤਿਗੁਰੁ ਭੇਟਿਆ, ਹਰਿ ਨਾਮਿ ਤਰਾਏ ॥੩॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਨਾਂ ਨੂੰ ਸਤਿਗੁਰ ਮਿਲਿਆ ਹੈ, ਉਹਨਾਂ ਨੂੰ ਉਹ ਹਰਿਨਾਮ ਰਾਹੀਂ ਤਾਰ ਲੈਂਦਾ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਹਜ਼ੂਰ ਗੁਰਮਤਿ ਅਨੁਸਾਰੀ ਜਨੇਊ ਬਨਾਉਣ ਦੀ ਜਾਚ ਦਸਦੇ ਹਨ। |
| ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥ | ਸੱਤ, ਵੱਟ | ਜਨੇਊ ਵਾਸਤੇ ਕਪਾਹ ਦਇਆ ਦੀ ਹੋਵੇ, ਸੂਤ ਸੰਤੋਖ ਦਾ ਹੋਵੇ, ਗੰਢੀ ਜਤ ਦੀ ਹੋਵੇ ਅਤੇ ਇਸ ਵਿਚ ਵੱਟ ਸਤ ਦਾ ਹੋਵੇ। ਭਾਵ ਦਇਆ, ਸੰਤੋਖ, ਜਤ (ਕਾਮ ਨੂੰ ਵੱਸ ਰਖਣਾ) ਅਤੇ ਸਤ (ਸਚਾ ਕਿਰਦਾਰ) ਧਾਰਨ ਕਰੇ ਤਾਂ ਇਹ ਗੁਰਮਤਿ ਅਨੁਸਾਰ ਜਨੇਊ ਪਾਉਣਾ ਹੈ। |
| ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ॥ | ਤ', ਪਾਂਡੇ, ਘੱਤ | ਇਹ ਜਨੇਊ ਹੈ ਜੀਵ ਲਈ, ਜੇਕਰ ਤੇਰੇ ਪਾਸ ਹੈ ਤਾਂ ਪਾਂਡੇ ਪਾ ਦੇ (ਸਾਡੂ ਗਲ ਵਿਚ)। |
| ਨਾ ਏਹੁ ਤੁਟੈ, ਨਾ ਮਲੁ ਲਗੈ, ਨਾ ਏਹੁ ਜਲੈ, ਨ ਜਾਇ ॥ | ਤੁੱਟੈ | ਇਹ ਗੁਰਮਤਿ ਦਾ ਜਨੇਊ ਨਾ ਟੁਟਦਾ ਹੈ, ਇਸ ਨੂੰ ਮੈਲ ਲਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਜ ਕਿਤੇ ਜਾਂਦਾ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ ॥ | | ਉਹ ਮਾਣਸ ਧੰਨ ਹਨ ਜੋ ਇਹ ਗੁਰਮਤਿ ਜਨੇਊ ਪਾਕੇ ਇਸ ਦੁਨੀਆ ਵਿਚੋਂ ਚਲੇ ਗਏ। |
| ਚਉਕੜਿ ਮੁਲਿ ਅਣਾਇਆ, ਬਹਿ ਚਉਕੈ ਪਾਇਆ ॥ | ਚਉਂਕੈ | |
| ਸਿਖਾ ਕੰਨਿ ਚੜਾਈਆ, ਗੁਰੁ ਬ੍ਰਾਹਮਣੁ ਥਿਆ ॥ | | ੧. 'ਸਿਖਾ' ਦਾ ਉਚਾਰਨ 'ਸਿਖਾਂ' ਕਰਨਾ ਅਸ਼ੁਧ ਹੈ ਕਿਉਕਿ ਇਥੇ ਇਸ ਸ਼ਬਦ ਦਾ ਭਾਵ ਹੈ ਸਿਖਿਆ ਜਾਂ ਗਇਤ੍ਰੀ ਮੰਤ੍ਰ ਹੈ ਜੋ ਬ੍ਰਾਹਮਣ ਇਸ ਮੌਕੇ ਤੇ ਜੀਵ ਦੇ ਕੰਨ ਵਿਚ ਦਸਦਾ ਹੈ।<br>੨. 'ਚੜਾਈਆ' ਦਾ ਉਚਾਰਨ 'ਚੜਾਈਆਂ' ਕਰਨਾ ਠੀਕ ਨਹੀਂ ਹੈ ਕਿਉਂਕਿ 'ਸਿਖਾ' ਇਕ ਵਚਨ ਹੈ ਤੇ ਇਸ ਦਾ ਭਾਵ ਹੈ ਸਿਖਿਆ। |
| ਓਹੁ ਮੁਆ, ਓਹੁ ਝੜਿ ਪਇਆ, ਵੇਤਗਾ ਗਇਆ ॥੧॥ | ਵੇਤੱਗਾ | |
| ਮਃ ੧ ॥ | ਮਃ = ਮਹੱਲਾ | |
| ਲਖ ਚੋਰੀਆ, ਲਖ ਜਾਰੀਆ, ਲਖ ਕੂੜੀਆ, ਲਖ ਗਾਲਿ ॥ | ਚੋਰੀਆਂ, ਜਾਰੀਆਂ, ਕੂੜੀਆਂ | |
| ਲਖ ਠਗੀਆ ਪਹਿਨਾਮੀਆ, ਰਾਤਿ ਦਿਨਸੁ ਜੀਅ ਨਾਲਿ ॥ | ਠਗੀਆਂ, ਪਹਿਨਾਮੀਆਂ | |
| ਤਗੁ ਕਪਾਹਹੁ ਕਤੀਐ, ਬਾਮ੍ਣੁ ਵਟੇ ਆਇ ॥ | ਕਪਾਹਹੁੰ | |
| ਕੁਹਿ ਬਕਰਾ ਰਿੰਨ੍ਹਿ ਖਾਇਆ, ਸਭੁ ਕੋ ਆਖੈ ਪਾਇ ॥ | | ਦੇਖੋ ਕੈਸਾ ਪਾਪ ਕਮਾਉਂਦੇ ਹਨ ਇਹ ਲੋਕ – ਬਕਰਾ ਕੁਹ ਕੇ ਮਾਰਦੇ ਹਨ, ਫੇਰ ਉਸ ਨੂੰ ਰਿੰਨ ਕੇ ਖਾਂਦੇ ਹਨ ਤੇ ਫੇਰ ਸਭ ਕੋਈ ਕਹਿੰਦਾ ਹੈ ਕਿ ਹੁਣ ਜਨੇਊ ਪਾਓ ਗਲ ਵਿਚ। |
| ਹੋਇ ਪੁਰਾਣਾ ਸੁਟੀਐ, ਭੀ ਫਿਰਿ ਪਾਈਐ ਹੋਰੁ ॥ | | |
| ਨਾਨਕ, ਤਗੁ ਨ ਤੁਟਈ, ਜੇ ਤਗਿ ਹੋਵੈ ਜੋਰੁ ॥੨॥ | ਜ਼ੋਰੁ | |
| ਮਃ ੧ ॥ | ਮਃ = ਮਹੱਲਾ | |
| ਨਾਇ ਮੰਨਿਐ, ਪਤਿ ਊਪਜੈ, ਸਾਲਾਹੀ ਸਚੁ ਸੂਤੁ ॥ | ਨਾਂਇੰ, ਮੰਨਿਐਂ, ਸਾਲਾਹੀਂ | ਨਾਮ ਨੂੰ ਮੰਨਣ ਕਰਕੇ ਪਤਿ ਉਪਜਦੀ ਹੈ ਅਤੇ ਸਾਲਾਹਿਆਂ ਸਚ ਸੂਤ ਮਿਲਦਾ ਹੈ ਜਨੇਊ ਦੀ ਥਾਂ ਤੇ)। ਇਸ ਪੰਕਤੀ ਤੋਂ ਇਹ ਗੁਰਮਤਿ ਦਾ ਸਿਧਾਂਤ ਉਜਾਗਰ ਹੁੰਦਾ ਹੈ ਕਿ ਨਾਮ ਜਪਕੇ ਮੰਨਕੇ ਪਤਿ ਉਪਜਦੀ ਹੈ। |
| ਦਰਗਹ ਅੰਦਰਿ ਪਾਈਐ, ਤਗੁ ਨ ਤੂਟਸਿ ਪੂਤ ॥੩॥ | | |
| ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਗੁਰੂ ਸਾਹਿਬ ਗਲ ਵਿਚ ਜਨੇਊ ਪਾਉਣ ਦੇ ਬੇਲੋੜਤਾ ਦਸਦੇ ਹਨ ਜਦਕਿ ਇਨਸਾਨ ਦੇ ਸਾਰੇ ਅੰਗ ਅਤੇ ਗਿਆਨ ਇੰਦਰੇ ਬਿਕਾਰਾਂ ਵਿਚ ਫਸੇ ਹੋਏ ਹਨ। |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਤਗੁ ਨ ਇੰਦ੍ਰੀ, ਤਗੁ ਨ ਨਾਰੀ ॥ | | ਇੰਦ੍ਰੀ ਤੇ ਤਗ ਨਹੀਂ ਪਾਇਆ ਅਤੇ ਨਾ ਹੀ ਨਾਰੀ ਨੂੰ ਤਗ ਪਾਇਆ ਹੈ ਭਾਵ ਇੰਦ੍ਰੀ ਕਾਮ ਵਿਚ ਲੁਭਤ ਹੈ। ਹਿੰਦੂ ਮੱਤ ਵਿਚ ਇਸਤ੍ਰੀ ਨੂੰ ਜਨੇਊ ਪਾਉਣ ਦੀ ਮਰਿਆਦਾ ਨਹੀਂ ਹੈ। ਇਥੇ 'ਇੰਦ੍ਰੀ' ਅਤੇ 'ਨਾਰੀ' ਦਾ ਜ਼ਿਕਰ ਇਕੱਠਾ ਕਰਕੇ ਕਾਮ ਨਾਲ ਸੰਬੰਧਤ ਪਾਪ ਕਰਮ ਬਾਰੇ ਕਟਾਖ ਹੈ। |
| ਭਲਕੇ, ਥੁਕ ਪਵੈ ਨਿਤ, ਦਾੜੀ ॥ | | ਇਸ ਕਰਕੇ (ਪਹਿਲੀ ਪੰਕਤੀ ਵਿਚਲੀ ਕਿਰਿਆ ਅਨੁਸਾਰ ਕਾਮ ਵਿਚ ਫਸੇ ਰਹਿਣ ਕਰਕੇ) ਰੋਜ਼ ਦਾਹੜੀ ਵਿਚ ਥੁਕ ਪੈਂਦੀ ਹੈ ਭਾਵ ਕਾਮ ਵਿਚ ਫਸਕੇ ਗ਼ਲਤ ਕੰਮ ਕਰਨ ਕਰਕੇ ਇਨਸਾਨ ਨਿਤ ਬੇਇਜ਼ਤੀ ਕਰਵਾਉਂਦਾ ਹੈ। |
| ਤਗੁ ਨ ਪੈਰੀ, ਤਗੁ ਨ ਹਥੀ ॥ | ਪੈਰੀਂ, ਹੱਥੀਂ | ਪੈਰਾਂ ਅਤੇ ਹਥਾਂ ਤੇ ਤਗ ਨਹੀਂ ਪਾਇਆ ਭਾਵ ਹਥਾਂ ਪੈਰਾਂ ਨਾਲ ਗ਼ਲਤ ਕੰਮ ਕਰਦਾ ਹੈ। |
| ਤਗੁ ਨ ਜਿਹਵਾ, ਤਗੁ ਨ ਅਖੀ ॥ | ਅੱਖੀਂ | ਜੀਭ ਅਤੇ ਅਖੀਆਂ ਤੇ ਵੀ ਤਗ ਨਹੀਂ ਕਿਉਂਕਿ ਜੀਭ ਕਰਕੇ ਸੁਆਦਾਂ ਵਿਚ ਅਤੇ ਅਖਾਂ ਕਰਕੇ ਗ਼ਲਤ ਤਕਣੀ ਵਿਚ ਫਸਿਆ ਹੋਇਆ ਹੈ। |
| ਵੇਤਗਾ ਆਪੇ ਵਤੈ ॥ | ਵੇਤੱਗਾ | |
| ਵਟਿ ਧਾਗੇ, ਅਵਰਾ ਘਤੈ ॥ | ਅਵਰਾਂ, ਘੱਤੈ | |
| ਲੈ ਭਾੜਿ, ਕਰੇ ਵੀਆਹੁ ॥ | | |
| ਕਢਿ ਕਾਗਲੁ, ਦਸੇ ਰਾਹੁ ॥ | | |
| ਸੁਣਿ ਵੇਖਹੁ ਲੋਕਾ, ਏਹੁ ਵਿਡਾਣੁ ॥ | | 'ਲੋਕਾ' ਦਾ ਉਚਾਰਨ 'ਲੋਕਾਂ' ਕਰਨਾ ਅਸ਼ੁਧ ਹੈ ਕਿਉਂਕਿ ਇਥੇ ਇਸ ਸ਼ਬਦ ਦਾ ਭਾਵ 'ਹੇ ਲੋਕਾ' ਹੈ ਨਾਕਿ ਲੋਕਾ ਦਾ ਬਹੁਵਚਨ ਰੂਪ "ਲੋਕਾਂ"। |
| ਮਨਿ ਅੰਧਾ, ਨਾਉ ਸੁਜਾਣੁ ॥੪॥ | ਨਾਂਉਂ | |
| ਪਉੜੀ ॥ | | |
| ਸਾਹਿਬੁ ਹੋਇ ਦਇਆਲੁ, ਕਿਰਪਾ ਕਰੇ, ਤਾ ਸਾਈ ਕਾਰ ਕਰਾਇਸੀ ॥ | ਤਾਂ | |
| ਸੋ ਸੇਵਕੁ ਸੇਵਾ ਕਰੇ, ਜਿਸ ਨੋ ਹੁਕਮੁ ਮਨਾਇਸੀ ॥ | | |
| ਹੁਕਮਿ ਮੰਨਿਐ, ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ ॥ | ਮੰਨਿਐਂ | |
| ਖਸਮੈ ਭਾਵੈ ਸੋ ਕਰੇ, ਮਨਹੁ ਚਿੰਦਿਆ ਸੋ ਫਲੁ ਪਾਇਸੀ ॥ | ਮਨਹੁੰ | |
| ਤਾ, ਦਰਗਹ ਪੈਧਾ ਜਾਇਸੀ ॥੧੫॥ | ਤਾਂ | |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਕੋਈ ਗਾਵੈ ਰਾਗੀ ਨਾਦੀ ਬੇਦੀ, ਬਹੁ ਭਾਤਿ ਕਰਿ, ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥ | ਰਾਗੀਂ, ਨਾਦੀਂ, ਬੇਦੀਂ, ਭਾਂਤਿ, ਨਹੀਂ | ਕੋਈ ਭਾਂਵੇਂ ਕਈ ਤਰੀਕਿਆਂ ਨਾਲ ਰਾਗ ਨਾਦ ਗਾ ਕੇ, ਜਾਂ ਬੇਦ ਪੜ ਕੇ (ਵਾਹਿਗੁਰੂ ਨੂੰ ਰੀਝਾਉਣ ਦੀ ਕੋਸ਼ਿਸ਼ ਕਰੇ) ਨਹੀਂ ਹਰਿ ਭਿਜਦਾ, ਨਹੀਂ ਹਰਿ ਭਿਜਦਾ।<br>੨. ਦੋ ਵਾਰੀ 'ਹਰਿ ਹਰਿ' ਦਾ ਜ਼ਿਕਰ ਇਥੇ ਇਹ ਅਰਥ ਰੱਖਦਾ ਹੈ ਕਿ 'ਨਹੀਂ ਹਰਿ ਭੀਜੈ, ਨਹੀਂ ਹਰਿ ਭੀਜੈ' ਭਾਵ ਮੂਲੋਂ ਹੀ ਵਾਹਿਗੁਰੂ ਰਾਗਾਂ, ਨਾਦਾਂ ਜਾਂ ਬੇਦਾਂ ਰਾਹੀਂ ਰੀਝਾਇਆਂ ਨਹੀਂ ਰੀਝਦਾ। |
| ਜਿਨਾ ਅੰਤਰਿ ਕਪਟੁ ਵਿਕਾਰੁ ਹੈ, ਤਿਨਾ ਰੋਇ ਕਿਆ ਕੀਜੈ ॥ | ਜਿਨਾਂ, ਤਿਨਾਂ | ਜਿਨਾਂ ਦੇ ਅੰਦਰ ਧੋਖਾ ਤੇ ਵਿਕਾਰ ਹੈ ਉਹਨਾਂ ਨੂੰ ਰੋ ਕੇ (ਭਾਵ ਸਮਝਾਇਆਂ) ਕੀ ਕਰਨਾ ਹੈ ਭਾਵ ਜਿਨਾਂ ਦੇ ਚਿਤ ਮਾਇਆ ਸ਼ੈਤਾਨ ਨੇ ਫੇਰ ਦਿਤੇ ਹਨ ਉਹਨਾਂ ਨੂੰ ਸਮਝਾਉਣ ਦਾ ਕੀ ਫਾਇਦਾ। |
| ਹਰਿ ਕਰਤਾ ਸਭੁ ਕਿਛੁ ਜਾਣਦਾ, ਸਿਰਿ ਰੋਗ ਹਥੁ ਦੀਜੈ ॥ | | ਹਰਿ ਕਰਤਾ ਸਭ ਕੁਝ ਜਾਣਦਾ ਹੈ ਭਾਂਵੇਂ ਲੱਖ ਅਉਗਣ ਰੂਪੀ ਰੋਗ ਦੇ ਸਿਰ ਤੇ ਹੱਥ ਰਖੀਏ ਭਾਵ ਪਾਪਾਂ ਨੂੰ ਲੱਖ ਲੁਕਾਉਣ ਦੀ ਕੋਸ਼ਿਸ਼ ਕਰੀਏ। |
| ਜਿਨਾ ਨਾਨਕ, ਗੁਰਮੁਖਿ ਹਿਰਦਾ ਸੁਧੁ ਹੈ, ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥ | ਜਿਨਾਂ, ਸ਼ੁਧ | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਨਾਂ ਦਾ ਗੁਰੂ ਦੇ ਰਾਹੀਂ ਹਿਰਦਾ ਸ਼ੁਧ ਹੋ ਗਿਆ ਹੈ, ਉਹਨਾਂ ਦੀ ਹਰਿ-ਭਗਤੀ ਹਰਿ ਕਬੂਲ ਕਰਦਾ ਹੈ (ਲੀਜੈ)। |
| ਸਲੋਕ ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਉਹਨਾਂ ਹਿੰਦੂਆਂ ਪ੍ਰਤੀ ਕਟਾਖ ਹੈ ਜੋ ਅੰਦਰੋਂ ਤਾਂ ਹਿੰਦੂਆਂ ਵਾਲੇ ਕੰਮ ਕਰਦੇ ਹਨ ਤੇ ਬਾਹਰੋਂ ਮੁਸਲਮਾਨਾਂ ਵਾਲਾ ਸੰਜਮ ਰਖਦੇ ਹਨ ਕਿਉਂਕਿ ਉਹ ਮੁਸਲਮਾਨੀ ਸਰਕਾਰ ਦੀ ਨੌਕਰੀ ਕਰਦੇ ਹਨ। |
| ਗਊ ਬਿਰਾਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨ ਜਾਈ ॥ | | ੧. ਤੁਸੀਂ ਗਊ ਤੇ ਬ੍ਰਾਹਮਣ ਨੂੰ ਨਾਕਿਆਂ ਤੇ ਟੈਕਸ ਲਾਉਂਦੇ ਹੋ ਤੇ (ਘਰੇ ਗਊ ਦੇ ਗੋਹੇ ਦਾ ਲੇਪਨ ਕਰਕੇ ਥਾਂ ਪਵਿਤ੍ਰ ਕਰਨ ਲਈ ਕਾਰਾਂ ਕਢਦੇ ਹੋ) ਪਰ ਇਸ ਤਰਾਂ ਦੋਗਲਾ ਕੰਮ ਕਰਨ ਨਾਲ ਗੋਹੇ ਰਾਹੀਂ ਤਰਿਆ ਨਹੀਂ ਜਾਣਾ।<br>੨. 'ਕਰੁ' ਦਾ ਅਰਥ ਇਥੇ ਟੈਕਸ ਹੈ। |
| ਧੋਤੀ ਟਿਕਾ ਤੈ ਜਪਮਾਲੀ, ਧਾਨੁ ਮਲੇਛਾਂ ਖਾਈ ॥ | ਟਿੱਕਾ | ਧੋਤੀ, ਮੱਥੇ ਤੇ ਟਿੱਕਾ ਤੇ ਗਲ ਵਿਚ ਮਾਲਾ ਪਾਉਂਦੇ ਹੋ ਪਰ ਧਾਨ ਮੁਸਲਮਾਨਾਂ (ਜਿਨਾਂ ਨੂੰ ਤੁਸੀਂ ਮਲੇਛ ਸਦਦੇ ਹੋ) ਖਾਂਦੇ ਹੋ। |
| ਅੰਤਰਿ ਪੂਜਾ, ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ ॥ | ਪੜਹਿਂ, ਕਤੇਬਾਂ, ਤੁਰਕਾਂ | ਲੁੱਕ ਕੇ ਪੂਜਾ ਕਰਦੇ ਹੋ ਪਰ ਜ਼ਾਹਿਰਾ ਤੌਰ ਤੇ ਕਤੇਬਾਂ (ਕੁਰਾਨ ਆਦਿ) ਪੜਦੇ ਹੋ ਤੇ ਇਸ ਤਰਾਂ ਦਿਖਾਉਂਦੇ ਹੋ ਕਿ ਤੁਹਾਨੂੰ ਮੁਸਲਮਾਨਾਂ ਦਾ ਸੰਜਮ ਭਾਉਂਦਾ (ਭਾਈ) ਹੈ। |
| ਛੋਡੀਲੇ ਪਾਖੰਡਾ ॥ | | (ਇਹੋ ਜਿਹਾ ਦੋਗਲਾ) ਪਖੰਡ ਕਰਨਾ ਛੱਡ ਦੇ। |
| ਨਾਮਿ ਲਇਐ, ਜਾਹਿ ਤਰੰਦਾ ॥੧॥ | ਲਇਐਂ, ਜਾਹਿਂ | ਨਾਮ ਲੈਣ ਕਰਕੇ ਤਰ ਜਾਵੇਂਗਾ। |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਹਜ਼ੂਰ ਨੇ ਮੁਸਲਿਮ ਤੇ ਹਿੰਦੂ ਹੁਕਮਰਾਨਾਂ ਤੇ ਕਟਾਖ ਕੀਤਾ ਹੈ। |
| ਮਾਣਸ ਖਾਣੇ ਕਰਹਿ ਨਿਵਾਜ ॥ | ਕਰਹਿਂ | ਮਾਣਸਖਾਣੇ ਭਾਵ ਮਨੁਖਾਂ ਤੇ ਜ਼ੁਲਮ ਕਰਨਵਾਲੇ ਨਿਮਾਜ਼ ਪੜਦੇ ਹਨ। |
| ਛੁਰੀ ਵਗਾਇਨਿ, ਤਿਨ ਗਲਿ ਤਾਗ ॥ | | ਉਹਨਾਂ ਦੇ ਹਿੰਦੂ ਅਹਿਲਕਾਰ ਜੋ ਗਲ ਵਿਚ ਜਨੇਊ ਪਾਉਂਦੇ ਹਨ, ਉਹ ਛੁਰੀ ਚਲਾਉਂਦੇ ਹਨ ਭਾਵ ਉਹ ਵੀ ਪਰਜਾ ਤੇ ਜ਼ੁਲਮ ਕਰਦੇ ਹਨ। |
| ਤਿਨ ਘਰਿ, ਬ੍ਰਹਮਣ ਪੂਰਹਿ ਨਾਦ ॥ | ਪੂਰਹਿਂ | (ਐਸੇ ਛੁਰੀ ਚਲਾਉਣਵਾਲੇ ਅਹਿਲਕਾਰਾਂ ਦੇ ਘਰ) ਬ੍ਰਾਹਮਣ ਆਕੇ ਨਾਦ ਵਜਾਉਂਦੇ ਹਨ ਭਾਵ ਪੂਜਾ ਪਾਠ ਕਰਦੇ ਹਨ। |
| ਉਨ੍ਹਾ ਭਿ ਆਵਹਿ ਓਈ ਸਾਦ ॥ | ਉਨ੍ਹਾਂ, ਆਵਹਿਂ | ੧. ਉਹਨਾਂ ਨੂੰ ਵੀ ਉਹੀ ਸੁਆਦ ਭਾਵ ਫਲ ਭੋਗਣਾ ਪੈਂਦਾ ਹੈ (ਜੋ ਅਹਿਲਕਾਰਾਂ ਨੇ ਜ਼ੁਲਮ ਕਾਰਨ ਭੋਗਣਾ ਹੈ ਕਿਉਂਕਿ ਉਹਨਾਂ ਦਾ ਧਾਨ ਖਾਦੇ ਹਨ ਬ੍ਰਾਹਮਣ)।<br>੨. ਇਸ ਤੋਂ ਇਸ ਗੁਰਮਤਿ ਸਿਧਾਂਤ ਉਜਾਗਰ ਹੁੰਦਾ ਹੈ ਕਿ, ਜ਼ੁਲਮ ਕਰਨਵਾਲੇ ਜਾਂ ਮੰਦੇ ਕਰਮ ਕਰਨਵਾਲਿਆਂ ਦੇ ਘਰੋਂ ਧਾਨ ਖਾਣ ਨਾਲ ਉਹਨਾਂ ਦੇ ਮਾੜੇ ਕਰਮਾਂ ਦਾ ਭਾਰ ਉਠਾਉਣਾ ਪੈਂਦਾ ਹੈ। ਸੋ ਗੁਰਮਤਿ ਆਹਾਰ ਸੰਜਮ ਬਿਬੇਕ ਦਾ ਤਾਕਾਜ਼ਾ ਵੀ ਇਹ ਹੈ ਕਿ ਨਿਰਮਲ ਸੁਕ੍ਰਿਤ ਕਮਾਈ ਕਰਨੀ ਵਾਲੇ ਗੁਰਮੁਖਾਂ ਨਾਲ ਹੀ ਪਰਸ਼ਾਦਾ ਅਭੇਦ ਕਰਨਾ ਚਾਹੀਦਾ ਹੈ। |
| ਕੂੜੀ ਰਾਸਿ, ਕੂੜਾ ਵਾਪਾਰੁ ॥ | | ਇਹ ਸਾਰੀ ਪੂੰਜੀ ਤੇ ਇਹ ਵਾਪਾਰ ਕੂੜ ਹੈ। |
| ਕੂੜੁ ਬੋਲਿ, ਕਰਹਿ ਆਹਾਰੁ ॥ | ਕਰਹਿਂ | ੧. ਝੂਠ ਬੋਲਕੇ ਆਹਾਰ ਭਾਵ ਖਾਣਾ ਖਾਦੇ ਹਨ ਭਾਵ ਰੋਜ਼ੀ ਕਮਾਉਂਦੇ ਹਨ।<br>੨. ਇਸ ਪੰਕਤੀ ਤੋਂ ਸਿਧ ਹੈ ਕਿ ਸਿਖ ਨੇ ਰੋਜ਼ੀ ਰੋਟੀ ਈਮਾਨਦਾਰੀ ਦੀ ਖਾਣੀ ਹੈ, ਝੂਠ ਬੋਲਕੇ ਨਹੀਂ। |
| ਸਰਮ ਧਰਮ ਕਾ ਡੇਰਾ ਦੂਰਿ ॥ | ਸ਼ਰਮ | ਸ਼ਰਮ ਤੇ ਧਰਮ ਦਾ ਡੇਰਾ ਦੂਰ ਹੋ ਗਿਆ ਹੈ ਭਾਵ ਲੋਕਾਂ ਨੇ ਸ਼ਰਮ ਤੇ ਧਰਮ ਦਾ ਤਿਆਗ ਕਰ ਦਿਤਾ ਹੈ। |
| ਨਾਨਕ ਕੂੜੁ ਰਹਿਆ ਭਰਪੂਰਿ ॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਾਰੇ ਪਾਸੇ ਝੂਠ ਹੀ ਸਮਾਇਆ ਹੋਇਆ ਹੈ। |
| ਮਥੈ ਟਿਕਾ, ਤੇੜਿ ਧੋਤੀ ਕਖਾਈ ॥ | ਟਿੱਕਾ | ਹਿੰਦੂ ਅਹਿਲਕਾਰਾਂ ਬਾਰੇ ਹੋਰ ਦਸਦੇ ਹਨ - ਮੱਥੇ ਤੇ ਟਿੱਕਾ ਲਾਉਂਦੇ ਹਨ ਤੇ ਤੇੜ ਤਿਹਰੇ ਵਲ ਵਾਲੀ ਧੋਤੀ ਬੰਨ ਲੈਂਦੇ ਹਨ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਹਥਿ ਛੁਰੀ, ਜਗਤ ਕਾਸਾਈ ॥ | | ੧. ਹਥ ਵਿਚ ਛੁਰੀ ਫੜੀ ਹੋਈ ਹੈ ਮਾਨੋ ਜਗਤ ਦਾ ਕਸਾਈ ਬਣਿਆ ਹੋਇਆ ਹੈ ਭਾਵ ਪਰਜਾ ਤੇ ਜ਼ੁਲਮ ਕਰਦਾ ਹੈ।<br>੨. ਕਈ ਦਾਨਿਆਂ ਨੇ 'ਜਗਤਕਾਸਾਈ' ਦਾ ਪਦਛੇਦ 'ਜਗਤ ਕਾ ਸਾਈ' ਕੀਤਾ ਹੈ ਤੇ ਅਰਥ ਕਰਦੇ ਹਨ ਕਿ – ਹਥ ਵਿਚ ਛੁਰੀ ਹੈ ਤੇ ਜਗਤ ਦਾ ਸਾਂਈਂ ਬਣਿਆ ਹੋਇਆ ਹੈ। ਪਰ ਇਹ ਅਰਥ ਪੂਰੀ ਤਰਾਂ ਫਬਦੇ ਨਹੀਂ। ਹਥ ਵਿਚ ਛੁਰੀ ਕਸਾਈ ਦੇ ਹਥ ਹੀ ਹੁੰਦੀ ਹੈ ਸਾਂਈਂ ਦੇ ਨਹੀਂ। ਵੈਸੇ ਵੀ 'ਸਾਂਈਂ' ਲਫ਼ਜ਼ ਜ਼ਿਆਦਾਤਰ ਪਾਜ਼ਿਟਿਵ ਤੌਰ ਤੇ ਵਰਤਿਆ ਜਾਂਦਾ ਹੈ। |
| ਨੀਲ ਵਸਤ੍ਰ ਪਹਿਰਿ, ਹੋਵਹਿ ਪਰਵਾਣੁ ॥ | ਹੋਵਹਿਂ | ਨੀਲੇ ਮੁਸਲਮਾਨੀ ਬਸਤ੍ਰ ਪਹਿਣ ਕੇ ਉਹਨਾਂ ਦੇ ਦਰਬਾਰ ਤੇ ਪਰਵਾਣ ਹੁੰਦਾ ਹੈ। ਮੁਸਲਮਾਨੀ ਨੀਲਾ ਰੰਗ ਅਸਮਾਨੀ ਹੁੰਦਾ ਹੈ ਜਦਕਿ ਖਾਲਸੇ ਦਾ ਨੀਲਾ ਰੰਗ ਸੁਰਮਈ ਭਾਵ ਨੇਵੀ ਨੀਲਾ ਹੁੰਦਾ ਹੈ। |
| ਮਲੇਛ ਧਾਨੁ ਲੇ, ਪੂਜਹਿ ਪੁਰਾਣੁ ॥ | ਪੂਜਹਿਂ | ਜਿਨਾਂ ਨੂੰ ਮਲੇਛ ਕਹਿੰਦਾ ਹੈ ਉਹਨਾਂ ਦਾ ਧਾਨ ਲੈ ਕੇ ਪੂਜਦਾ ਪੁਰਾਨ ਹੈ। |
| ਅਭਾਖਿਆ ਕਾ ਕੁਠਾ ਬਕਰਾ ਖਾਣਾ ॥ | ਕੁੱਠਾ | ੧. ਅਭਾਖਿਆ ਭਾਵ ਅਰਬੀ ਦਾ ਕਲਾਮ ਪੜ ਕੇ ਕੁੱਠਾ ਕੀਤਾ ਹੋਇਆ ਬਕਰਾ ਖਾਣਾ ਤੇ... ਦੂਜੇ ਪਾਸੇ।<br>੨. 'ਅਭਾਖਿਆ ਕਾ ਕੁਠਾ ਬਕਰਾ' ਤੋਂ ਸਹਿਜ ਹੀ ਇਹ ਪਤਾ ਲਗਦਾ ਹੈ ਕਿ 'ਭਾਖਿਆ' ਵਾਲਾ ਕੁੱਠਾ ਬਕਰਾ ਵੀ ਕੋਈ ਹੋਣਾ ਹੈ ਯਾਨੀ ਕਿ ਇਸ ਪਕਤੀ ਤੋਂ ਇਹ ਭਲੀ ਭਾਂਤੀ ਸਿਧ ਹੈ ਕਿ 'ਕੁਠਾ' ਪਦ ਕੇਵਲ ਹਲਾਲ ਮਾਸ ਨੂੰ ਹੀ ਨਹੀਂ ਕਹਿੰਦੇ ਬਲਕਿ ਕਿਸੇ ਵੀ ਤਰੀਕੇ ਨਾਲ ਮਾਰੇ ਪਸ਼ੂ ਦੇ ਮਾਸ ਨੂੰ ਕਹਿੰਦੇ ਹਨ। ਪਤਾ ਨਹੀਂ ਸਿਖਾਂ ਵਿਚ 'ਕੁਠਾ' ਪਦ ਦਾ ਅਰਥ ਮੁਸਲਮਾਨੀ ਹਲਾਲ ਮਾਸ ਦਾ ਕਦੋਂ ਤੋਂ ਹੋ ਗਿਆ। ਅਭਾਖਿਆ ਵਾਲਾ ਕੁਠਾ ਹੋਇਆ ਚਾਹੇ ਭਾਖਿਆ ਵਾਲਾ ਕੁਠਾ – ਦੋਹਾਂ ਸੂਰਤਾਂ ਵਿਚ ਜੀਵ ਤਾਂ ਨਜਾਇਜ਼ ਹੀ ਕੋਹਿਆ ਗਿਆ ਨਾ। ਉਚ ਪਰਮਾਰਥੀ ਲੋਚਨਾਵਾਂ ਵਾਲੇ ਗੁਰਮੁਖ ਭਗਤ ਜਨ ਕਦੇ ਵੀ ਅਜਿਹੇ ਆਹਾਰ ਦੇ ਭਖਣਹਾਰੇ ਨਹੀਂ ਹੋ ਸਕਦੇ। |
| ਚਉਕੇ ਉਪਰਿ ਕਿਸੈ ਨ ਜਾਣਾ ॥ | ਚਉਂਕੇ | ਦੂਜੇ ਪਾਸੇ ਕਹਿਣਾ ਕਿ – ਚਉਂਕੇ ਉਪਰ ਕਿਸੇ ਨੇ ਨਹੀਂ ਜਾਣਾ। |
| ਦੇ ਕੈ ਚਉਕਾ, ਕਢੀ ਕਾਰ ॥ | ਚਉਂਕਾ | ਚਉਂਕੇ ਨੂੰ ਪਵਿਤ੍ਰ ਕਰਨ ਲਈ ਉਸ ਦੇ ਦੁਆਲੇ ਕਾਰ ਕਢਣੀ। |
| ਉਪਰਿ ਆਇ ਬੈਠੇ ਕੂੜਿਆਰ ॥ | | ਤੇ ਉਸ ਪਵਿਤ੍ਰ ਚਉਂਕੇ ਤੇ "ਅਭਾਖਿਆ ਕਾ ਕੁਠਾ ਬਕਰਾ' ਖਾਣ ਵਾਲੇ ਝੂਠੇ ਬੈਠ ਗਏ (ਤਾਂ ਦੱਸੋ ਚਉਂਕਾ ਪਵਿਤ੍ਰ ਕਰਨ ਦਾ ਕੀ ਲਾਭ ਹੋਇਆ)। |
| ਮਤੁ ਭਿਟੈ ਵੇ, ਮਤੁ ਭਿਟੈ ॥ | | (ਇਹੋ ਜਿਹੇ ਪਖੰਡੀ, ਜੇ ਕੋਈ ਚਉਂਕੇ ਦੇ ਕੋਲੇ ਜਾਵੇ ਤਾਂ ਕਹਿੰਦੇ ਹਨ) ਨਾ ਆਇਓ ਵੇ, ਚਉਂਕਾ ਭਿੱਟ ਜਾਵੇਗਾ ਭਿੱਟ ਜਾਵੇਗਾ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਇਹੁ ਅੰਨੁ ਅਸਾਡਾ ਫਿਟੈ ॥ | | ਇਥੇ ਰਖਿਆ ਸਾਡਾ ਅੰਨ ਭਿੱਟ (ਅਪਵਿਤ੍ਰ) ਹੋ ਜਾਵੇਗਾ। |
| ਤਨਿ ਫਿਟੈ, ਫੇੜ ਕਰੇਨਿ ॥ | | ਅਪਵਿਤ੍ਰ ਸਰੀਰ ਨਾਲ ਉਹ ਫੇੜ ਭਾਵ ਬਦੀ ਕਰਦੇ ਹਨ। |
| ਮਨਿ ਜੂਠੈ, ਚੁਲੀ ਭਰੇਨਿ ॥ | | ਮਨ ਕਰਕੇ ਜੂਠੇ ਹਨ ਪਰ ਉਪਰੋਂ ਸੁੱਚੇ ਹੋਣ ਲਈ ਚੁਲੀ ਭਰਦੇ ਹਨ। |
| ਕਹੁ ਨਾਨਕ, ਸਚੁ ਧਿਆਈਐ ॥ | | ਗੁਰੂ ਸਾਹਿਬ ਕਹਿੰਦੇ ਹਨ ਕਿ ਸਚ ਪਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ। |
| ਸੁਚਿ ਹੋਵੈ, ਤਾ ਸਚੁ ਪਾਈਐ ॥੨॥ | | ਸਚ ਨੂੰ ਧਿਆ ਕੇ ਜਦੋ ਸੁਚਮ ਹੋ ਜਾਵੇ (ਮਨ ਵਿਚ) ਤਾਂ ਸਚ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। |
| ਪਉੜੀ ॥ | | |
| ਚਿਤੈ ਅੰਦਰਿ ਸਭੁ ਕੋ, ਵੇਖਿ ਨਦਰੀ ਹੇਠਿ ਚਲਾਇਦਾ ॥ | ਚਲਾਇੰਦਾ | ਉਹ ਪਰਮਾਤਮਾ ਹਰੇਕ ਨੂੰ ਆਪਣੇ ਚਿੱਤ ਵਿਚ ਰੱਖਦਾ ਹੈ ਤੇ ਦੇਖਦਾ ਹੈ ਤੇ ਆਪਣੀ ਨਜ਼ਰ ਥੱਲੇ ਹੀ ਹਰੇਕ ਨੂੰ ਚਲਾਉਂਦਾ ਹੈ ਭਾਵ ਕਾਰੇ ਲਾਈ ਰਖਦਾ ਹੈ। |
| ਆਪੇ ਦੇ ਵਡਿਆਈਆ, ਆਪੇ ਹੀ ਕਰਮ ਕਰਾਇਦਾ ॥ | ਵਡਿਆਈਆਂ, ਕਰਾਇੰਦਾ | ਆਪੇ ਹੀ ਜੀਵਾਂ ਨੂੰ ਵਡਿਆਈਆਂ ਦਿੰਦਾ ਹੈ ਤੇ ਆਪੇ ਹੀ ਉਹਨਾਂ ਤੋਂ ਕਰਮ ਕਰਾਉਂਦਾ ਹੈ। |
| ਵਡਹੁ ਵਡਾ ਵਡ ਮੇਦਨੀ, ਸਿਰੇ ਸਿਰਿ ਧੰਧੈ ਲਾਇਦਾ ॥ | ਵਡਹੁੰ, ਲਾਇੰਦਾ | ੧. ਉਹ ਵਡਿਆਂ ਤੋਂ ਵੱਡਾ ਹੈ ਤੇ ਉਸਦੀ ਧਰਤੀ ਭਾਵ ਮੇਦਨੀ ਵੀ ਵਡੀ ਹੈ; ਉਹ ਹਰੇਕ ਨੂੰ ਸਿਰੇ ਸਿਰ ਧੰਦੇ ਵਿਚ ਲਾਈ ਰੱਖਦਾ ਹੈ।<br>੨. 'ਵਡਹੁ ਵਡਾ' ਦਾ ਅਰਥ ਹੈ ਵਡਿਆਂ ਤੋਂ ਵਡਾ। |
| ਨਦਰਿ ਉਪਠੀ ਜੇ ਕਰੇ, ਸੁਲਤਾਨਾ ਘਾਹੁ ਕਰਾਇਦਾ ॥ | ਕਰਾਇੰਦਾ | ਜੇ ਕਿਤੇ ਉਹ ਆਪਣੀ ਨਜ਼ਰ ਪੁੱਠੀ ਕਰ ਲਵੇ ਤਾਂ ਉਹ ਸੁਲਤਾਨਾਂ ਨੂੰ ਘਾਹ ਬਣਾ ਦਿੰਦਾ ਹੈ ਭਾਵ ਕੱਖਾਂ ਤੋਂ ਹਉਲਾ ਬਣਾ ਦਿੰਦਾ ਹੈ। |
| ਦਰਿ ਮੰਗਨਿ, ਭਿਖ ਨ ਪਾਇਦਾ ॥੧੬॥ | ਪਾਇੰਦਾ | ੧. ਅਜਿਹੇ ਸੁਲਤਾਨ ਜਦੋਂ ਭਿਖਿਆ ਮੰਗਦੇ ਫਿਰਨ ਤਾਂ ਕੋਈ ਉਹਨਾਂ ਨੂੰ ਭਿਖ ਨਹੀਂ ਪਾਉਂਦਾ।<br>੨. ਫ਼ੀ-ਜ਼ਮਾਨਾ ਸਾਦਾਮ ਹੁਸੈਨ, ਮਿਸਰ ਦਾ ਸਦਰ ਮੁਬਾਰਿਕ ਆਦਿ ਹੁਕਮਰਾਨਾਂ ਤੇ ਇਸ ਗੁਰਬਾਣੀ ਵਿਚਲੀ ਘਟਨਾ ਘਟਦੀ ਦੇਖੀ ਗਈ ਹੈ। |
| ਆਸਾ ਮਹਲਾ ੪ ॥ | ਮਹੱਲਾ | |
| ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ, ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥ | ਸੁਘੱੜ | ਜਿਨਾਂ ਦੇ ਅੰਦਰ ਹਰਿ ਹਰਿ ਭਾਵ ਨਾਮ ਜਪਣ ਦੀ ਪ੍ਰੀਤ ਹੈ, ਉਹ ਸੋਹਣੀ ਘਾੜਤ ਵਾਲੇ ਸਿਆਣੇ ਜਨ ਹਨ। |
| ਜੇ ਬਾਹਰਹੁ ਭੁਲਿ ਚੁਕਿ ਬੋਲਦੇ, ਭੀ ਖਰੇ ਹਰਿ ਭਾਣੇ ॥ | ਬਾਹਰਹੁੰ | ਜੇ ਉਹ ਬਾਹਰੋਂ ਭੁਲ ਚੁਕ ਨਾਲ ਵੀ ਬੋਲਦੇ ਹਨ ਤਾਂ ਵੀ ਉਹ ਖਰੇ ਹਨ ਤੇ ਹਰੀ ਨੂੰ ਭਾਉਂਦੇ ਹਨ। |
| ਹਰਿ ਸੰਤਾ ਨੋ ਹੋਰੁ ਥਾਉ ਨਾਹੀ, ਹਰਿ ਮਾਣੁ ਨਿਮਾਣੇ ॥ | ਸੰਤਾਂ, ਥਾਂਉਂ, ਨਾਹੀਂ | ਹਰੀ ਦਿਆਂ ਸੰਤਾਂ ਨੂੰ ਹੋਰ ਕੋਈ ਆਸਰਾ ਨਹੀਂ, ਨਿਮਾਣਿਆਂ ਦਾ ਮਾਣ ਹਰੀ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਜਨ ਨਾਨਕ ਨਾਮੁ ਦੀਬਾਣੁ ਹੈ, ਹਰਿ ਤਾਣੁ ਸਤਾਣੋ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਗੁਰਸਿਖਾਂ ਲਈ ਨਾਮ ਦੀਬਾਣ ਭਾਵ ਹਾਕਿਮ (ਤਾਕਤ) ਹੈ ਤੇ ਉਹਨਾਂ ਨੂੰ ਹਰੀ ਦਾ ਤਾਣ ਹੈ ਜਿਸ ਕਰਕੇ ਉਹ ਸਤਾਣੇ (ਤਾਕਤਵਰ) ਹਨ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਜੇ ਮੋਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ ॥ | ਪਿਤਰੀਂ | ਜੇਕਰ ਮੋਹਾਕਾ (ਠਗ), ਘਰ ਠਗੇ, ਤੇ ਘਰ ਠਗ ਕੇ ਪਿਤਰਾਂ ਨੂੰ ਦੇਵੇ (ਸ਼ਰਾਧ ਦੇ ਰੂਪ ਵਿਚ)... |
| ਅਗੈ ਵਸਤੁ ਸਿਞਾਣੀਐ, ਪਿਤਰੀ ਚੋਰ ਕਰੇਇ ॥ | ਪਿਤਰੀਂ | ਤਾਂ ਅਗੇ ਉਹ ਚੋਰੀ ਕੀਤੀ ਹੋਈ ਵਸਤੂ ਪਛਾਣ ਲਈ ਜਾਂਦੀ ਹੈ ਤੇ ਉਹ ਪਿਤਰਾਂ ਨੂੰ ਚੋਰ ਕਰ ਦਿੰਦੀ ਹੈ। |
| ਵਢੀਅਹਿ ਹਥ ਦਲਾਲ ਕੇ, ਮੁਸਫੀ ਏਹ ਕਰੇਇ ॥ | ਵਢੀਅਹਿਂ, ਮੁੰਸਫੀ | ਦਲਾਲ (ਬ੍ਰਾਹਮਣ ਜੋ ਸ਼ਰਾਧ ਦਾ ਧਾਨ ਖਾਂਦੇ ਹਨ) ਉਹਨਾਂ ਦੇ ਹੱਥ ਵੱਢੇ ਜਾਂਦੇ ਹਨ (ਚੋਰੀ ਦੇ ਗੁਨਾਹ ਕਰਕੇ), ਇਹ ਇਨਸਾਫ ਮੁੰਸਫੀ (ਜੱਜ) ਕਰਦਾ ਹੈ। |
| ਨਾਨਕ, ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ ॥੧॥ | | ੧. ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਗੇ ਉਹ ਮਿਲਦਾ ਹੈ ਜੋ ਘਾਲ ਕਮਾਈ ਕਰਕੇ ਖਟਿਆ ਧਨ ਦਾਨ ਦੇ ਰੂਪ ਵਿਚ ਦੇਵੇ।<br>੨. ਇਸ ਸਲੋਕ ਤੋਂ ਇਹ ਸਿਧ ਹੁੰਦਾ ਹੈ ਕਿ ਕੇਵਲ ਹੱਕ ਹਲਾਲ ਦੀ ਕਮਾਈ ਦਾ ਕੀਤਾ ਦਾਨ ਫਲੀਭੂਤ ਹੁੰਦਾ ਹੈ। ਇਕ ਹੋਰ ਗੁਰਮਤਿ ਸਿਧਾਂਤ ਸਿਧ ਹੁੰਦਾ ਹੈ ਕਿ ਜੇ ਕੋਈ ਚੋਰੀ ਦਾ ਧਨ ਦਾਨ ਵਿਚ ਸਵੀਕਾਰ ਕਰਦਾ ਹੈ ਤਾਂ ਅੱਗੇ ਦਰਗਾਹ ਵਿਚ ਚੋਰ ਵਾਲੀ ਸਜ਼ਾ ਭੁਗਤਣੀ ਪੈਂਦੀ ਹੈ। ਤੀਜਾ ਗੁਰਮਤਿ ਸਿਧਾਂਤ ਇਹ ਸਿਧ ਹੁੰਦਾ ਹੈ ਕਿ ਜੇਕਰ ਕੋਈ ਚੋਰੀ ਦੇ ਧਾਨ ਦੀ ਗੁਰੂ ਘਰ ਵਿਖੇ ਜਾਂ ਹੋਰ ਕਿਤੇ ਅਰਦਾਸ ਕਰੇ ਤਾਂ ਉਹ ਵੀ ਸਜ਼ਾ ਦਾ ਹੱਕਦਾਰ ਹੋਵੇਗਾ। |
| ਮਃ ੧ ॥ | ਮਃ = ਮਹੱਲਾ | |
| ਜਿਉ ਜੋਰੂ, ਸਿਰਨਾਵਣੀ ਆਵੈ ਵਾਰੋ ਵਾਰ ॥ | ਜਿਉਂ | ਜਿਵੇਂ ਇਸਤ੍ਰੀ ਨੂੰ ਮਾਹਵਾਰੀ ਬਾਰ ਬਾਰ ਆਉਂਦੀ ਹੈ (ਤੇ ਇਸ ਦੇ ਆਉਣ ਕਰਕੇ ਆਮ ਤੌਰ ਤੇ ਇਸਤ੍ਰੀ ਨੂੰ ਦੁਖ ਹੁੰਦਾ ਹੈ)... |
| ਜੂਠੇ ਜੂਠਾ ਮੁਖਿ ਵਸੈ, ਨਿਤ ਨਿਤ ਹੋਇ ਖੁਆਰੁ ॥ | | ਉਸੇ ਤਰਾਂ ਹੀ ਮਾੜੇ ਮਨੁੱਖ ਦੇ ਮੂੰਹ ਵਿਚ ਜੂਠ ਭਾਵ ਬਦੀ ਵਸਦੀ ਹੈ ਤੇ ਇਹ ਬਦੀ ਕਰਨ ਕਰਕੇ ਉਹ ਖ਼ੁਆਰ ਹੁੰਦਾ ਹੈ। |
| ਸੂਚੇ ਏਹਿ ਨ ਆਖੀਅਹਿ, ਬਹਨਿ ਜਿ ਪਿੰਡਾ ਧੋਇ ॥ | ਆਖੀਅਹਿਂ | ਇਹਨਾਂ ਨੂੰ ਸੁੱਚੇ ਨਾ ਆਖੋ ਜੋ ਕੇਵਲ ਪਿੰਡਾ ਧੋ ਕੇ ਬੈਠਦੇ ਹਨ... |
| ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ ॥੨॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ, ਸੁਚੇ ਅਸਲ ਵਿਚ ਉਹੋ ਹਨ ਜਿਨਾਂ ਦੇ ਮਨ ਵਿਚ ਉਹ (ਪਰਮਾਤਮਾ) ਵਸਿਆ ਹੋਇਆ ਹੈ। |
| ਪਉੜੀ ॥ | | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਤੁਰੇ ਪਲਾਣੇ ਪਉਣਵੇਗ, ਹਰ ਰੰਗੀ ਹਰਮ ਸਵਾਰਿਆ ॥ | ਰੰਗੀਂ | ਕਾਠੀਆਂ ਸਮੇਤ ਪਉਣ ਵਾਂਗ ਤੇਜ਼ ਤੁਰੇ (ਘੋੜੇ) ਹੋਣ ਅਤੇ ਹਰਮ ਹਰ ਤਰ੍ਹਾਂ ਦੇ ਰੰਗਾਂ ਨਾਲ ਸਵਾਰਿਆ ਹੋਵੇ; |
| ਕੋਠੇ ਮੰਡਪ ਮਾੜੀਆ, ਲਾਇ ਬੈਠੇ ਕਰਿ ਪਾਸਾਰਿਆ ॥ | ਮਾੜੀਆਂ | ਕੋਠੇ, ਸ਼ਾਮਿਆਨੇ ਤੇ ਮਹਲਾਂ ਆਦਿ ਦਾ ਪਾਸਾਰਾ ਕਰਕੇ (ਹੰਕਾਰ ਨਾਲ) ਬੈਠੇ ਹੋਣ; |
| ਚੀਜ ਕਰਨਿ ਮਨਿ ਭਾਵਦੇ, ਹਰਿ ਬੁਝਨਿ ਨਾਹੀ, ਹਾਰਿਆ ॥ | ਚੀਜ਼, ਭਾਂਵਦੇ, ਨਾਹੀਂ | (ਇਸ ਤਰ੍ਹਾਂ ਮਾਇਆ ਵਿਚ ਗ਼ਲਤਾਨ ਹੋਕੇ) ਮਨ ਭਾਂਉਂਦੀਆਂ ਚੀਜ਼ਾਂ ਕਰਨ ਪਰ ਹਰਿ ਵਾਹਿਗੁਰੂ ਨੂੰ ਨਾ ਪਛਾਨਣ, ਉਹ ਹਾਰ ਹੋਏ ਹਨ। |
| ਕਰਿ ਫੁਰਮਾਇਸਿ ਖਾਇਆ, ਵੇਖਿ ਮਹਲਤਿ ਮਰਣੁ ਵਿਸਾਰਿਆ ॥ | ਫੁਰਮਾਇਸ਼ | ਫੁਰਮਾਇਸ਼ ਕਰਕੇ ਖਾਦਾ ਹੈ ਤੇ ਮਹਲਾਂ ਨੂੰ ਦੇਖ ਕੇ (ਤੇ ਸਚ ਮੰਨ ਕੇ) ਮਰਣਾ ਭੁਲਾ ਦਿਤਾ ਹੈ; |
| ਜਰੁ ਆਈ, ਜੋਬਨਿ ਹਾਰਿਆ ॥੧੨॥ | ਹਾਰਿਆਂ | ਜੋਬਨਿ-ਹਾਰਿਆਂ ਨੂੰ ਜਰ (ਬੁਢੇਪਾ) ਆ ਗਿਆ। |
| ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ ॥ | | ਜਿਥੇ ਮੇਰਾ ਸਤਿਗੁਰੂ ਜਾ ਕੇ ਬੈਠ ਜਾਵੇ, ਉਹ ਜਗ੍ਹਾ ਸੁਹਾਵੀ ਹੋ ਜਾਂਦੀ ਹੈ; |
| ਗੁਰਸਿਖੀਂ ਸੋ ਥਾਨੁ ਭਾਲਿਆ, ਲੈ ਧੂਰਿ ਮੁਖਿ ਲਾਵਾ ॥ | | ਗੁਰਸਿਖਾਂ ਵਲੋਂ ਉਹ ਥਾਨ (ਜਿਥੇ ਗੁਰੂ ਬੈਠਾ ਹੋਵੇ) ਲਭ ਲਿਆ ਜਾਂਦਾ ਹੈ ਤੇ ਉਹਨਾਂ ਵਲੋਂ ਉਸ ਅਸਥਾਨ ਦੀ ਧੂਰੀ ਮੁਖ ਤੇ ਲਾਈ ਜਾਂਦੀ ਹੈ। |
| ਗੁਰਸਿਖਾ ਕੀ ਘਾਲ ਥਾਇ ਪਈ, ਜਿਨ ਹਰਿ ਨਾਮੁ ਧਿਆਵਾ ॥ | ਗੁਰਸਿਖਾਂ, ਥਾਂਇ | ਐਸੈ ਗੁਰਸਿਖਾਂ ਦੀ ਘਾਲ ਥਾਂਇੰ ਪੈ ਜਾਂਦੀ ਹੈ ਜਿਨਾਂ ਨੇ (ਸਤਿਗੁਰੂ ਨੂੰ ਮਿਲ ਕੇ) ਹਰਿਨਾਮ ਧਿਆਇਆ ਹੈ। |
| ਜਿਨ੍ ਨਾਨਕੁ ਸਤਿਗੁਰੁ ਪੂਜਿਆ, ਤਿਨ ਹਰਿ ਪੂਜ ਕਰਾਵਾ ॥੨॥ | | ੧. ਜਿਨਾਂ ਨੇ ਸਤਿਗੁਰ ਨਾਨਕ ਨੂੰ ਪੂਜਿਆ ਹੈ, ਉਹਨਾਂ ਦੀ ਹਰੀ ਪੂਜਾ ਕਰਾਉਂਦਾ ਹੈ।<br>੨. ਇਥੇ ਵਿਸ਼ੇਸ਼ ਕਰਕੇ ਗੁਰੂ ਨਾਨਕ ਸਾਹਿਬ ਦਾ ਜ਼ਿਕਰ ਹੈ ਕਿ ਜੋ ਉਹਨਾਂ ਦੀ ਪੂਜਾ ਕਰਦਾ ਹੈ (ਭਾਵ ਗੁਰਮਤਿ ਕਮਾਉਂਦਾ ਹੈ) ਉਸ ਦੀ ਜਗਤ ਵਿਚ ਹਰੀ ਪੂਜਾ ਕਰਾਉਂਦਾ ਹੈ ਭਾਵ ਉਸਦਾ ਆਦਰ ਸਤਿਕਾਰ ਸਭਤ ਹੁੰਦਾ ਹੈ। ਇਥੇ 'ਨਾਨਕ' ਪਦ ਸੰਬੋਧਨ ਕਾਰਕ ਵਜੋਂ ਨਹੀਂ ਸਗੋਂ ਕਰਮ ਕਾਰਕ ਵਜੋਂ ਹੈ ਤੇ ਇਸ ਕਰਕੇ ਹੀ ਇਸ ਪਦ ਦੇ ਛੇਕੜਲੇ ਅਖਰ ਨੂੰ ਔਂਕਵ ਲਗਿਆ ਹੋਇਆ ਹੈ। ਇਸ ਦੇ ਅਰਥ "ਹੇ ਨਾਨਕ" ਕਰਕੇ ਨਹੀਂ ਕੀਤੇ ਜਾ ਸਕਦੇ। |
| ਸਲੋਕੁ ਮਃ ੧ ॥ | ਮਃ = ਮਹੱਲਾ | ਇਹਨਾਂ ਸਲੋਕਾਂ ਵਿਚ ਸੂਤਕ ਪਾਤਕ ਦੇ ਵਹਿਮ ਦਾ ਖੰਡਨ ਹੈ। |
| ਜੇਕਰਿ ਸੂਤਕੁ ਮੰਨੀਐ, ਸਭ ਤੈ ਸੂਤਕੁ ਹੋਇ ॥ | | ਜੇਕਰ ਸੂਤਕ ਮੰਨੀਏ ਤਾਂ ਸਭ ਪਾਸੇ ਸੂਤਕ ਵਰਤਿਆ ਹੋਇਆ ਹੈ। |
| ਗੋਹੇ ਅਤੈ ਲਕੜੀ ਅੰਦਰਿ, ਕੀੜਾ ਹੋਇ ॥ | | ਗੋਹੇ ਤੇ ਲਕੜੀ ਵਿਚ ਕੀੜਾ ਹੁੰਦਾ ਹੈ (ਭਾਵ ਕੀੜੇ ਮਰਦੇ ਜੰਮਦੇ ਹਨ) |
| ਜੇਤੇ ਦਾਣੇ ਅੰਨ ਕੇ, ਜੀਆ ਬਾਝੁ ਨ ਕੋਇ ॥ | ਜੀਆਂ | ਜਿੰਨੇ ਅੰਨ ਦੇ ਦਾਣੇ ਹਨ, ਜੀਆਂ ਤੋਂ ਬਿਹੂਣਾ ਕੋਈ ਨਹੀਂ (ਭਾਵ ਇਥੇ ਵੀ ਜੀਵ ਮਰਦੇ ਜੰਮਦੇ ਹਨ)। |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ॥ | ਪਹਿਲਾਂ | ੧. ਪਹਿਲਾਂ ਤਾਂ ਪਾਣੀ ਹੀ ਜੀਵ ਹੈ ਜਿਸ ਤੋਂ ਸਭ ਕੁਝ ਹਰਾ ਹੁੰਦਾ ਹੈ। ੨.'ਪਹਿਲਾ' ਦਾ ਉਚਾਰਨ 'ਪਹਿਲਾਂ' ਕਰਨਾ ਜ਼ਰੂਰੀ ਹੈ ਕਿਉਂਕਿ ਇਹ ਸ਼ਬਦ ਕਿਰਿਆ-ਵਿਸ਼ੇਸ਼ਣ ਹੈ ਨਾ ਕਿ ਵਿਸ਼ੇਸ਼ਣ। ਨਾਸਕੀ ਉਚਾਰਨ ਨਾ ਕਰਨ ਦੀ ਸੂਰਤ ਵਿਚ ਇਹ ਸ਼ਬਦ 'ਪਾਣੀ' ਦਾ ਵਿਸ਼ੇਸ਼ਣ ਸਿਧ ਹੋਵੇਗਾ ਜੋ ਕਿ ਪ੍ਰਕਰਣ ਦੇ ਹਿਸਾਬ ਨਾਲ ਠੀਕ ਨਹੀਂ ਹੈ। |
| ਸੂਤਕੁ ਕਿਉ ਕਰਿ ਰਖੀਐ, ਸੂਤਕੁ ਪਵੈ ਰਸੋਇ ॥ | ਕਿਉਂ | ਸੂਤਕ ਪੈਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ਕਿਉਂਕਿ ਸੂਤਕ ਤਾਂ ਰਸੋਈ ਵਿਚ ਵੀ ਪਿਆ ਹੋਇਆ ਹੈ (ਜੀਵਾਂ ਦੀ ਹੋਂਦ ਕਰਕੇ) |
| ਨਾਨਕ, ਸੂਤਕੁ ਏਵ ਨ ਉਤਰੈ, ਗਿਆਨੁ ਉਤਾਰੇ ਧੋਇ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸੂਤਕ ਇਸ ਤਰਾਂ ਨਹੀਂ ਉਤਰਦਾ ਬਲਕਿ ਗਿਆਨ ਸੂਤਕ ਦਾ ਭਰਮ ਉਤਾਰਦਾ ਹੈ। |
| ਮਃ ੧ ॥ | ਮਃ = ਮਹੱਲਾ | |
| ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜੁ ॥ | | ਮਨ ਦਾ ਸੂਤਕ ਲੋਭ ਹੈ ਤੇ ਜੀਭ ਦਾ ਸੂਤਕ ਝੂਠ ਹੈ (ਭਾਵ ਅਸਲੀ ਸੂਤਕ ਜਾਂ ਅਪਵਿਤ੍ਰਤਾ ਬੁਰੇ ਕਰਮਾਂ ਕਰਕੇ ਹੁੰਦਾ ਹੈ)। |
| ਅਖੀ ਸੂਤਕੁ, ਵੇਖਣਾ ਪਰਤ੍ਰਿਅ, ਪਰਧਨ ਰੂਪੁ ॥ | | ਅਖਾਂ ਦਾ ਸੂਕਤ ਇਹ ਹੈ - ਪਰਾਈ ਇਸਤ੍ਰੀ ਦਾ ਰੂਪ ਅਤੇ ਪਰਾਏ ਧਨ ਵਲ ਦੇਖਣਾ ਭਾਵ ਇਸ ਤਰ੍ਹਾਂ ਕਰਨ ਨਾਲ ਅਖਾਂ ਵਿਚ ਅਪਵਿਤ੍ਰਤਾ ਹੁੰਦੀ ਹੈ। |
| ਕੰਨੀ ਸੂਤਕੁ, ਕੰਨਿ ਪੈ ਲਾਇਤਬਾਰੀ ਖਾਹਿ ॥ | ਖਾਹਿਂ | ਕੰਨਾਂ ਦਾ ਸੂਤਕ ਇਹ ਹੈ - ਕੰਨ ਕਰਕੇ ਲਾਇਤਬਾਰੀ (ਦੇ ਰਸ) ਵਿਚ ਪੈ ਕੇ, ਲਾਇਤਬਾਰੀ ਖਾਣੀ ਭਾਵ ਕਰਨੀ-ਸੁਨਣੀ। |
| ਨਾਨਕ, ਹੰਸਾ ਆਦਮੀ, ਬਧੇ ਜਮਪੁਰਿ ਜਾਹਿ ॥੨॥ | ਬੰਧੇ, ਜਾਹਿਂ, ਹੰਸਾਂ | ੧. ਗੁਰੂ ਸਾਹਿਬ ਫੁਰਮਾਉਂਦੇ ਹਨ ਕਿ, (ਬਾਹਰੋਂ ਸੋਹਣੇ ਦੀਦਾਰੀ) ਹੰਸਾਂ ਵਰਗੇ ਆਦਮੀ, ਬੰਨੇ ਹੋਏ ਜਮਪੁਰ ਵਿਖੇ ਜਾਂਦੇ ਹਨ (ਲਿਜਾਏ ਜਾਂਦੇ ਹਨ) |
| ਮਃ ੧ ॥ | ਮਃ = ਮਹੱਲਾ | |
| ਸਭੋ ਸੂਤਕੁ ਭਰਮੁ ਹੈ, ਦੂਜੈ ਲਗੈ ਜਾਇ ॥ | | ਸੂਤਕ ਬਿਲਕੁਲ ਭਰਮ ਹੈ, ਜਿਹੜੇ ਦੂਜੇ ਭਾਵ ਵਿਚ ਲਗੇ ਹਨ ਭਾਵ ਪਰਮਾਤਮਾ ਤੋਂ ਦੂਸਰੇ ਪਾਸੇ ਲਗੇ ਹਨ, ਉਹਨਾਂ ਨੂੰ ਪੈਂਦਾ ਹੈ (ਇਹ ਭਰਮ)। |
| ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ ॥ | | ਜੰਮਣ ਮਰਣਾ ਵਾਹਿਗੁਰੂ ਦਾ ਹੁਕਮ ਹੈ, ਉਸਦੇ ਭਾਣੇ ਕਰਕੇ ਜੀਵ ਆਉਂਦਾ ਤੇ ਜਾਂਦਾ ਹੈ (ਇਸ ਦੁਨੀਆਂ ਵਿਚ)। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਖਾਣਾ ਪੀਣਾ ਪਵਿਤ੍ਰੁ ਹੈ, ਦਿਤੋਨੁ ਰਿਜਕੁ ਸੰਬਾਹਿ ॥ | ਰਿਜ਼ਕ | ੧. 'ਗੁਰਮੁਖਾਂ ਦਾ ਖਾਣਾ ਪੀਣਾ ਪਵਿਤ੍ਰ ਹੈ (ਉਸ ਨੂੰ ਸੂਤਕ ਨਹੀਂ ਲਗਦਾ) ਕਿਉਂਕਿ ਰਿਜ਼ਕ ਅਕਾਲ ਪੁਰਖ ਵਲੋਂ ਇਕੱਠਾ ਕਰਕੇ ਦਿਤਾ ਜਾਂਦਾ ਹੈ। ੨. ਕਈ ਲੋਕ ਇਸ ਪੰਕਤੀ ਨੂੰ ਇਸਤੇਮਾਲ ਕਰਕੇ ਇਹ ਸਿਧ ਕਰਨਾ ਲੋਚਦੇ ਹਨ ਕਿ ਗੁਰਮਤਿ ਆਹਾਰ ਬਿਬੇਕ ਦੀ ਕੋਈ ਹੋਂਦ ਨਹੀਂ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਸਲੋਕ ਵਿਚ ਸੂਤਕ ਦੀ ਭਿੱਟ ਦੀ ਗੱਲ ਕੀਤੀ ਹੈ ਬੇਈਮਾਨੀ ਦੀ ਕਮਾਈ ਜਾਂ ਨਿਗੁਰੇ ਮਨੁੱਖ ਦੀ ਛੋਤ ਦੀ ਗੱਲ ਨਹੀਂ ਕੀਤੀ। ਇਸ ਸਲੋਕ ਤੋਂ ਇਹ ਅੰਦਾਜ਼ਾ ਲਾਉਣਾ ਕਿ ਬੇਸ਼ਕ ਕੁੜੀਮਾਰਾਂ, ਨੜੀਮਾਰਾਂ (ਤੰਬਾਕੂਖੋਰਾਂ) ਜਾਂ ਸਿਰਗੁਮਾਂ (ਵਾਲ-ਮੁਨਿਆਂ) ਦਾ ਭੋਜਨ ਖਾਣਾ ਗੁਰਮਤਿ ਹੈ, ਨਿਰੀ ਮਨਮਤਿ ਹੈ। ਦੂਸਰੀ ਗੱਲ ਹੈ ਕਿ ਇਸ ਸਲੋਕ ਵਿਚ ਗੁਰਮੁਖਾਂ ਦਾ ਖਾਣਾ ਪੀਣਾ ਪਵਿਤ੍ਰ ਦਸਿਆ ਹੈ ਜੋ ਨਾਮ ਬਾਣੀ ਜਪਦੇ ਹੋਏ ਪਰਸ਼ਾਦਾ ਤਿਆਰ ਕਰਦੇ ਹਨ ਨਾ ਕਿ ਸਭ ਤਰਾਂ ਦੇ ਭੋਜਨ ਖਾਣ ਦੀ ਵਕਾਲਤ ਕੀਤੀ ਹੈ। |
| ਨਾਨਕ, ਜਿਨ੍ਹੀ ਗੁਰਮੁਖਿ ਬੁਝਿਆ, ਤਿਨ੍ਹਾ ਸੂਤਕੁ ਨਾਹਿ ॥੩॥ | ਨਾਹਿੰ | ਜਿਨਾਂ ਗੁਰਮੁਖਾਂ ਨੇ ਬੁਝਿ ਲਿਆਂ ਹੈ (ਪਰਮਾਤਮਾ ਨੂੰ) ਉਹਨਾਂ ਨੂੰ ਸੂਤਕ ਨਹੀਂ ਪੈਂਦਾ। |
| ਪਉੜੀ ॥ | | |
| ਸਤਿਗੁਰੁ ਵਡਾ ਕਰਿ ਸਾਲਾਹੀਐ, ਜਿਸੁ ਵਿਚਿ ਵਡੀਆ ਵਡਿਆਈਆ ॥ | ਵਡੀਆਂ, ਵਡਿਆਈਆਂ | ਸਤਿਗੁਰ ਨੂੰ ਵਡਾ ਕਰ ਕੇ ਸਲਾਹੁਣਾ ਚਾਹੀਦਾ ਹੈ ਕਿਉਂਕਿ ਸਤਿਗੁਰ ਵਿਚ ਵਡੀਆਂ ਵਡਿਆਈਆਂ (ਬਰਕਤਾਂ) ਹਨ। |
| ਸਹਿ ਮੇਲੇ, ਤਾ ਨਦਰੀ ਆਈਆ ॥ | ਸ਼ਹਿ, ਤਾਂ, ਆਈਆਂ | ਜਦੋਂ ਪਰਮਾਤਮਾ ਨੇ ਅਸੀਂ ਸਤਿਗੁਰ ਨਾਲ ਮੇਲੇ ਤਾਂ ਇਹ ਵਡਿਆਈਆਂ ਨਜ਼ਰ ਆਈਆਂ। |
| ਜਾ ਤਿਸੁ ਭਾਣਾ, ਤਾ ਮਨਿ ਵਸਾਈਆ ॥ | ਜਾਂ, ਤਾਂ, ਵਸਾਈਆਂ | ਜਦੋਂ ਉਸਦਾ ਭਾਣਾ ਹੋਇਆ ਹੈ, ਉਦੋਂ ਇਹ ਵਡਿਆਈਆਂ ਸਿਫਤਾਂ, ਸਾਡੇ ਮਨ ਵਿਚ ਉਸ ਨੇ ਵਸਾਈਆਂ। |
| ਕਰਿ ਹੁਕਮੁ ਮਸਤਕਿ ਹਥੁ ਧਰਿ, ਵਿਚਹੁ ਮਾਰਿ ਕਢੀਆ ਬੁਰਿਆਈਆ ॥ | ਵਿਚਹੁੰ, ਕਢੀਆਂ, ਬੁਰਿਆਈਆਂ | ਉਸ ਨੇ ਹੁਕਮ ਕਰਕੇ ਅਤੇ ਮਸਤਕ ਤੇ ਹਥ ਧਰ ਕੇ ਸਾਡੇ ਵਿਚੋਂ ਬੁਰਿਆਈਆਂ ਮਾਰ ਕੇ ਬਾਹਰ ਕਢ ਦਿਤੀਆਂ। |
| ਸਹਿ ਤੁਠੈ, ਨਉ ਨਿਧਿ ਪਾਈਆ ॥੧੮॥ | ਸ਼ਹਿ, ਪਾਈਆਂ | ਸ਼ਹ ਵਾਹਿਗੁਰੂ ਦੇ ਤੁੱਠਣ ਨਾਲ ਅਸੀਂ ਨਉਨਿਧਿ ਪਾ ਲਈਆਂ ਹਨ। |
| ਗੁਰਸਿਖਾ ਮਨਿ ਹਰਿ ਪ੍ਰੀਤਿ ਹੈ, ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥ | ਗੁਰਸਿਖਾਂ | ਗੁਰਸਿਖਾਂ ਦੇ ਮਨ, ਹੇ ਹਰੀ, ਪ੍ਰੀਤ ਹੈ, ਹੇ ਹਰੀ ਤੇਰੇ ਨਾਮ ਦੀ ਪ੍ਰੀਤ ਹੈ, ਤੇਰੀ ਪ੍ਰੀਤ ਹੈ। |
| ਕਰਿ ਸੇਵਹਿ ਪੂਰਾ ਸਤਿਗੁਰੂ, ਭੁਖ ਜਾਇ ਲਹਿ ਮੇਰੀ ॥ | ਸੇਵਹਿੰ | ਪ੍ਰੀਤ ਨਾਲ (ਪ੍ਰੀਤ ਕਰਕੇ) ਉਹ ਗੁਰਸਿਖ ਪੂਰੇ ਸਤਿਗੁਰੂ ਨੂੰ ਸੇਂਵਦੇ ਹਨ, ਉਹਨਾਂ ਦੀ ਭੁਖ ਅਤੇ "ਮੇਰੀ ਮੇਰੀ" ਭਾਵ ਹਉਮੈ ਲਹਿ ਜਾਂਦੀ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਗੁਰਸਿਖਾ ਕੀ ਭੁਖ ਸਭ ਗਈ, ਤਿਨ ਪਿਛੈ ਹੋਰ ਖਾਇ ਘਨੇਰੀ ॥ | ਗੁਰਸਿਖਾਂ | ਗੁਰਸਿਖਾਂ ਦੀ ਆਪਣੀ ਸਾਰੀ ਭੁੱਖ ਲਹਿ ਜਾਂਦੀ ਹੈ ਤੇ ਉਹਨਾਂ ਤੋਂ ਮਗਰੋਂ ਹੋਰ ਬਹੁਤ ਲੁਕਾਈ ਉਹਨਾਂ ਦੀ ਬਰਕਤ ਅਤੇ ਕਮਾਈ ਖਾਂਦੀ ਹੈ। |
| ਜਨ ਨਾਨਕ, ਹਰਿ ਪੁੰਨੁ ਬੀਜਿਆ, ਫਿਰਿ, ਤੋਟਿ ਨ ਆਵੈ, ਹਰਿ ਪੁੰਨ ਕੇਰੀ ॥੩॥ | ਬੀਜਿਆਂ | ਬੀਜਿਆ ਦਾ ਅਰਥ ਹੈ ਬੀਜਣ ਕਰਕੇ; ਸੋ ਇਸ ਦਾ ਉਚਾਰਨ ਨਾਸਕੀ ਠੀਕ ਲਗਦਾ ਹੈ। ਪੰਕਤੀ ਦਾ ਅਰਥ ਹੈ – ਗੁਰੁ ਸਾਹਿਬ ਫੁਰਮਾਉਂਦੇ ਹਨ, ਹਰਿ-ਨਾਮ ਰੂਪੀ ਪੁੰਨ ਬੀਜਿਆਂ ਫੇਰ ਕਦੇ ਇਸ ਹਰਿ-ਨਾਮ ਰੂਪੀ ਪੁੰਨ ਦੀ ਤੋਟ ਨਹੀਂ ਆਉਂਦੀ। ਜੇਕਰ 'ਬੀਜਿਆ' ਦੇ ਛੇਕੜਲੇ ਕੰਨੇ ਦਾ ਨਾਸਕੀ ਉਚਾਰਨ ਨਾ ਕਰੀਏ ਤਾਂ ਇਹ ਭੁਤ-ਕਾਲ ਦੀ ਕਿਰਿਆ ਬਣ ਜਾਂਦੀ ਹੈ ਜੋ ਕਿ "ਫਿਰਿ" ਨਾਲ ਅਤੇ "ਆਵੈ" ਕਿਰਿਆ ਨਾਲ ਜਚਦੀ ਨਹੀਂ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਪਹਿਲਾ ਸੁਚਾ ਆਪਿ ਹੋਇ, ਸੁਚੈ ਬੈਠਾ ਆਇ ॥ | ਪਹਿਲਾਂ | ੧) ਪਹਿਲਾਂ (ਪੰਡਿਤ) ਆਪ ਸੁਚਾ ਹੋ ਕੇ, ਸੁਚੇ ਕੀਤੇ ਥਾਂ ਵਿਚ ਭਾਵ ਰਸੋਈ ਵਿਚ ਆ ਕੇ ਬੈਠ ਗਿਆ।<br>੨) 'ਪਹਿਲਾ' ਦਾ ਉਚਾਰਨ 'ਪਹਿਲਾਂ' ਕਰਨਾ ਜ਼ਰੂਰੀ ਹੈ ਕਿਉਂਕਿ ਇਹ ਸ਼ਬਦ ਕਿਰਿਆ-ਵਿਸ਼ੇਸ਼ਣ ਹੈ ਨਾ ਕਿ ਵਿਸ਼ੇਸ਼ਣ। ਨਾਸਕੀ ਉਚਾਰਨ ਨਾ ਕਰਨ ਦੀ ਸੂਰਤ ਵਿਚ ਇਹ ਸ਼ਬਦ 'ਸੁਚਾ' ਦਾ ਵਿਸ਼ੇਸ਼ਣ ਸਿਧ ਹੋਵੇਗਾ ਜੋ ਕਿ ਪ੍ਰਕਰਣ ਦੇ ਹਿਸਾਬ ਨਾਲ ਠੀਕ ਨਹੀਂ ਹੈ। |
| ਸੁਚੇ ਅਗੈ ਰਖਿਓਨੁ, ਕੋਇ ਨ ਭਿਟਿਓ ਜਾਇ ॥ | | ਸੁਚੇ (ਵਿਅਕਤੀ) ਨੇ ਉਸ (ਸੁਚੇ ਹੋਏ ਪੰਡਿਤ) ਦੇ ਅੱਗੇ ਉਹ ਭੋਜਨ ਰਖਿਆ, ਜਿਸ ਭੋਜਨ ਨੂੰ ਕਿਸੇ ਨੇ ਜਾ ਕੇ ਜੂਠਾ ਨਾ ਕੀਤਾ ਹੋਵੇ। |
| ਸੁਚਾ ਹੋਇ ਕੈ ਜੇਵਿਆ, ਲਗਾ ਪੜਣਿ ਸਲੋਕੁ ॥ | | ਉਸ ਪੰਡਿਤ ਨੇ ਸੁਚਾ ਹੋ ਕੇ ਭੋਜਨ ਖਾਣ ਲਗ ਪਿਆ ਤੇ ਨਾਲ ਦੀ ਨਾਲ ਸਲੋਕ ਪੜਨ ਲਗ ਪਿਆ। |
| ਕੁਹਥੀ ਜਾਈ ਸਟਿਆ, ਕਿਸੁ ਏਹੁ ਲਗਾ ਦੋਖੁ ॥ | | ੧. ਕੁਹਥੀ ਥਾਂ ਤੇ ਇਹ ਭੋਜਨ ਸੁਟਿਆ ਗਿਆ ਭਾਵ ਗੰਦੇ ਢਿਡ ਵਿਚ ਭੋਜਨ ਸੁਟ ਦਿਤਾ, ਦਸੋ ਇਹ ਦੋਸ਼ ਕਿਸਨੂੰ ਲਗਿਆ?<br>੨. 'ਕੁਹਥੀ' ਦਾ ਉਚਾਰਨ 'ਕੁਹੱਥੀ' ਕਰਨਾ ਠੀਕ ਨਹੀਂ। |
| ਅੰਨੁ ਦੇਵਤਾ, ਪਾਣੀ ਦੇਵਤਾ, ਬੈਸੰਤਰੁ ਦੇਵਤਾ ਲੂਣੁ, ਪੰਜਵਾ ਪਾਇਆ ਘਿਰਤੁ ॥ | ਪੰਜਵਾਂ | |
| ਤਾ ਹੋਆ ਪਾਕੁ ਪਵਿਤੁ ॥ | ਤਾਂ | |
| ਪਾਪੀ ਸਿਉ ਤਨੁ ਗਡਿਆ, ਥੁਕਾ ਪਈਆ ਤਿਤੁ ॥ | ਸਿਉਂ, ਗਡਿਆਂ, ਥੁਕਾਂ, ਪਈਆਂ | |
| ਜਿਤੁ ਮੁਖਿ ਨਾਮੁ ਨ ਊਚਰਹਿ, ਬਿਨੁ ਨਾਵੈ ਰਸ ਖਾਹਿ ॥ | ਊਚਰਹਿੰ, ਨਾਂਵੈ, ਖਾਹਿੰ | |
| ਨਾਨਕ, ਏਵੈ ਜਾਣੀਐ, ਤਿਤੁ ਮੁਖਿ ਥੁਕਾ ਪਾਹਿ ॥੧॥ | ਏਵੈਂ, ਥੁਕਾਂ, ਪਾਹਿੰ | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਮਃ ੧ ॥ | ਮਃ = ਮਹੱਲਾ | ਇਸ ਸਲੋਕ ਵਿਚ ਵਰਤਿਆ 'ਭੰਡੁ' ਲਫ਼ਜ਼ ਇਸਤ੍ਰੀ ਵਾਸਤੇ ਹੈ ਅਤੇ ਇਹ ਸੰਸਕ੍ਰਿਤ ਦੇ ਸ਼ਬਦ 'ਭਾਰਯ' ਤੋਂ ਬਣਿਆ ਹੈ। ਇਹ ਸ਼ਬਦ ਭਾਂਵੇਂ ਇਸਤ੍ਰੀ ਦਾ ਵਾਚਕ ਹੈ ਪਰ ਇਹ ਪੁਲਿੰਗ ਸ਼ਬਦ ਹੈ। |
| ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ॥ | | ਇਸਤ੍ਰੀ ਤੋਂ ਜੰਮਿਆ, ਇਸਤ੍ਰੀ ਨੇ ਪਾਲਿਆ ਤੇ ਇਸਤ੍ਰੀ ਨਾਲ ਮੰਗਣੀ ਤੇ ਵਿਆਹ ਹੋਇਆ॥ |
| ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ॥ | ਭੰਡਹੁੰ, ਭੰਡਹੁੰ | ਇਸਤ੍ਰੀ ਨਾਲ ਦੋਸਤੀ ਅਤੇ ਇਸਤ੍ਰੀ ਰਾਹੀਂ ਹੀ ਇਸ ਦੁਨੀਆਂ ਦਾ ਰਾਹ ਚਲਦਾ ਹੈ ਭਾਵ ਦੁਨੀਆਂ ਦੀ ਉਤਪਤੀ ਹੁੰਦੀ ਹੈ। |
| ਭੰਡੁ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ ॥ | | ਜਦੋਂ ਇਸਤ੍ਰੀ ਮਰ ਜਾਂਦੀ ਹੈ ਤਾਂ ਹੋਰ ਇਸਤ੍ਰੀ ਵਿਆਹ ਵਾਸਤੇ ਲਭੀਦੀ ਹੈ ਤੇ ਇਸਤ੍ਰੀ ਰਾਹੀਂ ਹੀ ਕਾਮ ਵਲੋਂ ਬੰਧ ਪੈਂਦਾ ਹੈ। |
| ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥ | ਕਿਉਂ, ਜੰਮਹਿੰ | ਸੋ ਐਸੀ ਇਸਤ੍ਰੀ ਨੂੰ ਮੰਦਾ ਕਿਉਂ ਕਹੀਏ, ਜਿਸ ਨੇ ਰਾਜਿਆਂ ਨੂੰ ਜਨਮ ਦਿਤਾ ਹੈ॥ |
| ਭੰਡਹੁ ਹੀ ਭੰਡੁ ਊਪਜੈ, ਭੰਡੈ ਬਾਝੁ ਨ ਕੋਇ ॥ | ਭੰਡਹੁੰ | ਇਸਤ੍ਰੀ ਤੋਂ ਹੀ ਇਸਤ੍ਰੀ ਪੈਦਾ ਹੁੰਦੀ ਹੈ ਅਤੇ ਇਸਤ੍ਰੀ ਤੋਂ ਬਗ਼ੈਰ ਕੋਈ ਪੈਦਾ ਨਹੀਂ ਹੁੰਦਾ॥ |
| ਨਾਨਕ, ਭੰਡੈ ਬਾਹਰਾ, ਏਕੋ ਸਚਾ ਸੋਇ ॥ | | ਇਸਤ੍ਰੀ ਤੋਂ ਬਿਨਾਂ ਕੇਵਲ ਇਕ ਸੱਚਾ ਪਰਮਾਤਮਾ ਹੀ ਹੈ। |
| ਜਿਤੁ ਮੁਖਿ ਸਦਾ ਸਾਲਾਹੀਐ, ਭਾਗਾ ਰਤੀ ਚਾਰਿ ॥ | ਭਾਗਾਂ | ਜਿਸ ਮੂੰਹ ਨਾਲ ਪਰਮਾਤਮਾ ਨੂੰ ਸਲਾਹੀਦਾ ਹੈ, ਉਹ ਮੂੰਹ ਭਾਗਾਂ ਵਾਲਾ ਹੁੰਦਾ ਹੈ। |
| ਨਾਨਕ, ਤੇ ਮੁਖ ਊਜਲੇ, ਤਿਤੁ ਸਚੈ ਦਰਬਾਰਿ ॥੨॥ | | ਐਸਾ ਮੁਖ ਸਚੇ ਦਰਬਾਰ ਵਿਖੇ ਉਜਲ ਹੁੰਦੇ ਹਨ। |
| ਪਉੜੀ ॥ | | |
| ਸਭੁ ਕੋ ਆਖੈ ਆਪਣਾ, ਜਿਸੁ ਨਾਹੀ, ਸੋ ਚੁਣਿ ਕਢੀਐ ॥ | ਨਾਹੀਂ | ਸਭ ਕੋਈ ਮੇਰਾ ਮੇਰਾ ਕਹਿੰਦਾ ਹੈ, ਜਿਸ ਨੂੰ ਇਹ ਮੈਂ ਮੈਂ ਨਹੀਂ, ਉਹ ਕੋਈ ਚੁਣ ਕੇ ਦਿਖਾਓ। |
| ਕੀਤਾ ਆਪੋ ਆਪਣਾ, ਆਪੇ ਹੀ ਲੇਖਾ ਸੰਢੀਐ ॥ | | ਆਪੋ ਆਪਣਾ ਕੀਤਾ ਹੋਇਆ ਆਪੇ ਹੀ ਭਰਨਾ ਪੈਂਦਾ ਹੈ। |
| ਜਾ ਰਹਣਾ ਨਾਹੀ ਐਤੁ ਜਗਿ, ਤਾ ਕਾਇਤੁ ਗਾਰਬਿ ਹੰਢੀਐ ॥ | ਨਾਹੀਂ, ਤਾਂ | ਜਦਕਿ ਇਸ ਜਗ ਵਿਚ ਰਹਿਣਾ ਹੀ ਨਹੀਂ ਤਾਂ ਫੇਰ ਕਿਉਂ ਹੰਕਾਰ ਵਿਚ ਜ਼ਿੰਦਗੀ ਹੰਢਾਈਏ। |
| ਮੰਦਾ ਕਿਸੈ ਨ ਆਖੀਐ, ਪੜਿ ਅਖਰੁ ਏਹੋ ਬੁਝੀਐ ॥ | | ਕਿਸੇ ਨੂੰ ਮੰਦਾ ਨਹੀਂ ਆਖਣਾ ਚਾਹੀਦਾ, ਅਖਰ ਪੜ ਕੇ ਭਾਵ ਪੜ ਲਿਖ ਕੇ ਇਹੋ ਹੀ ਸਮਝਣਾ ਚਾਹੀਦਾ ਹੈ। |
| ਮੂਰਖੈ ਨਾਲਿ, ਨ ਲੁਝੀਐ ॥੧੯॥ | | ਮੂਰਖ ਨਾਲ ਬਹਿਸ ਝਗੜਾ ਨਹੀਂ ਕਰਨਾ ਚਾਹੀਦਾ। |
| ਗੁਰਸਿਖਾ ਮਨਿ ਵਾਧਾਈਆ, ਜਿਨ ਮੇਰਾ ਸਤਿਗੁਰੁ ਡਿਠਾ ਰਾਮ ਰਾਜੇ ॥ | ਗੁਰਸਿਖਾਂ, ਵਾਧਾਈਆਂ | ਉਹਨਾਂ ਗੁਰਸਿਖਾਂ ਦੇ ਮਨ ਵਿਚ ਖੁਸ਼ੀਆਂ ਦੀ ਵਾਧਾਈਆਂ ਵਜਦੀਆਂ ਹਨ ਜਿਨਾਂ ਨੇ ਮੇਰਾ ਸਤਿਗੁਰੂ ਦੇਖਿਆ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਕੋਈ ਕਰਿ ਗਲ ਸੁਣਾਵੈ, ਹਰਿ ਨਾਮ ਕੀ, ਸੋ ਲਗੈ ਗੁਰਸਿਖਾ ਮਨਿ ਮਿਠਾ ॥ | ਗੁਰਸਿਖਾਂ | ਜਿਹੜਾ ਕੋਈ ਉਹਨਾਂ ਨੂੰ ਹਰਿ ਨਾਮ ਦੀ ਗਲ ਸੁਣਾਵੇ, ਉਹ ਗੁਰਸਿਖਾਂ ਦੇ ਮਨ ਵਿਚ ਮਿੱਠਾ ਲਗਦਾ ਹੈ। |
| ਹਰਿ ਦਰਗਹ ਗੁਰਸਿਖ ਪੈਨਾਈਅਹਿ, ਜਿਨ੍ਾ ਮੇਰਾ ਸਤਿਗੁਰੁ ਤੁਠਾ ॥ | ਪੈਨਾਈਅਹਿੰ, ਜਿਨ੍ਹਾਂ | ਹਰੀ ਦੀ ਦਰਗਾਹ ਵਿਚ ਉਹ ਗੁਰਸਿਖ ਸਤਿਕਾਰੇ ਜਾਂਦੇ ਹਨ, ਜਿਨਾਂ ਤੇ ਮੇਰਾ ਸਤਿਗੁਰ ਤੁਠਿਆ ਭਾਵ ਮਿਹਰਵਾਨ ਹੋਇਆ ਹੈ। |
| ਜਨ ਨਾਨਕੁ ਹਰਿ ਹਰਿ ਹੋਇਆ, ਹਰਿ ਹਰਿ ਮਨਿ ਵੁਠਾ ॥੪॥੧੨॥੧੯॥ | | ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਨ ਨਾਨਕ ਨਾਮ ਰੂਪ ਹੀ ਹੋ ਗਿਆ ਹੈ, ਜਦੋਂ ਮਨ ਵਿਚ ਹਰਿ ਹਰਿ ਨਾਮ ਪਰਗਟ ਹੋ ਗਿਆ। (ਦੋ ਵਾਰੀ ਹਰਿ ਹਰਿ ਦਾ ਆਉਣਾ ਗੁਰਮਤਿ ਨਾਮ ਦਾ ਸੂਚਕ ਹੈ)। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਨਾਨਕ, ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ॥ | ਬੋਲਿਐਂ | ਗੁਰੂ ਸਾਹਿਬ ਫੁਰਮਾਉਂਦੇ ਹਨ, ਫਿੱਕਾ ਬੋਲਣ ਨਾਲ, ਤਨ ਤੇ ਮਨ ਵੀ ਫਿੱਕਾ ਹੋ ਜਾਂਦਾ ਹੈ ਭਾਵ ਰੋਗ-ਗ੍ਰਸਤ ਹੋ ਜਾਂਦਾ ਹੈ। |
| ਫਿਕੋ ਫਿਕਾ ਸਦੀਐ, ਫਿਕੇ ਫਿਕੀ ਸੋਇ ॥ | | ਫਿਕੇ ਬੰਦੇ ਨੂੰ ਸਭ ਫਿੱਕਾ ਹੀ ਫਿਕਾ ਕਹਿੰਦੇ ਹਨ ਅਤੇ ਫਿੱਕੇ ਬੰਦੇ ਦੀ ਸ਼ੋਭਾ ਵੀ ਫਿੱਕੀ ਹੁੰਦੀ ਹੈ। |
| ਫਿਕਾ ਦਰਗਹ ਸਟੀਐ, ਮੁਹਿ ਥੁਕਾ ਫਿਕੇ ਪਾਇ ॥ | ਥੁੱਕਾਂ | ਫਿੱਕੇ ਬੰਦੇ ਨੂੰ ਦਰਗਾਹ ਵਿਚ ਸੁਟਿਆ ਜਾਂਦਾ ਹੈ ਤੇ ਉਸ ਦੇ ਮੂੰਹ ਤੇ ਥੁਕਾਂ ਪੈਂਦੀਆਂ ਹਨ ਭਾਵ ਉਹ ਦਰਗਾਹ ਵਿਚ ਬੇਇਜ਼ਤ ਹੁੰਦਾ ਹੈ। |
| ਫਿਕਾ ਮੂਰਖੁ ਆਖੀਐ, ਪਾਣਾ ਲਹੈ ਸਜਾਇ ॥੧॥ | ਸਜ਼ਾਇ | ਫਿੱਕੇ ਬੰਦਾ ਮੂਰਖ ਕਿਹਾ ਜਾਂਦਾ ਹੈ ਤੇ ਉਹ ਜੁਤੀਆਂ ਦੀ ਸਜ਼ਾ ਲੈਂਦਾ ਹੈ। |
| ਮਃ ੧ ॥ | ਮਃ = ਮਹੱਲਾ | |
| ਅੰਦਰਹੁ ਝੂਠੇ, ਪੈਜ ਬਾਹਰਿ, ਦੁਨੀਆ ਅੰਦਰਿ ਫੈਲੁ ॥ | ਅੰਦਰਹੁੰ | ਜੋ ਪੁਰਖ ਅੰਦਰੋਂ ਝੂਠੇ ਹੁੰਦੇ ਹਨ, ਬਾਹਰੋਂ ਇਜ਼ਤ ਵਾਲੇ ਬਣਦੇ ਹਨ ਤੇ ਸਾਰੀ ਦੁਨੀਆ ਵਿਚ ਉਹ ਫੈਲੇ ਹੋਏ ਭਾਵ ਸਤਿਕਾਰੇ ਜਾਂਦੇ ਹੋਣ... |
| ਅਠਸਠਿ ਤੀਰਥ ਜੇ ਨਾਵਹਿ, ਉਤਰੈ ਨਾਹੀ ਮੈਲੁ ॥ | ਨਾਵਹਿੰ, ਨਾਹੀਂ | ਭਾਂਵੇਂ ਉਹ ਅਠਾਹਠ ਤੀਰਥਾਂ ਵਿਖੇ ਨ੍ਹਾ ਲੈਣ, ਫੇਰ ਵੀ ਉਹਨਾਂ ਦੀ ਮੈਲ ਨਹੀਂ ਉਤਰਦੀ। |
| ਜਿਨ੍ ਪਟੁ ਅੰਦਰਿ, ਬਾਹਰਿ ਗੁਦੜੁ, ਤੇ ਭਲੇ ਸੰਸਾਰਿ ॥ | | ਜਿਨਾਂ ਦੇ ਅੰਦਰ ਰੇਸ਼ਮ ਹੋਵੇ ਤੇ ਬਾਹਰ ਭਾਂਵੇਂ ਖੱਦਰ ਹੋਵੇ, ਉਹ ਦੁਨੀਆ ਵਿਚ ਭਲੇ ਪੁਰਖ ਹਨ ਭਾਵ ਜੋ ਅੰਦਰੋਂ ਨਰਮ ਅਤੇ ਬਾਹਰੋਂ ਭਾਂਵੇਂ ਥੋੜੇ ਸਖਤ ਹੋਣ, ਉਹ ਐਸੇ ਲੋਕਾਂ ਨਾਲੋਂ ਭਲੇ ਹਨ ਜੋ ਅੰਦਰੋਂ ਪਾਪੀ ਅਤੇ ਬਾਹਰੋਂ ਚੰਗੇ ਬਣਦੇ ਹਨ। |
| ਤਿਨ੍ ਨੇਹੁ ਲਗਾ ਰਬ ਸੇਤੀ, ਦੇਖਨ੍ੇ ਵੀਚਾਰਿ ॥ | | ਉਹਨਾਂ ਦਾ ਪਿਆਰ ਰੱਬ ਨਾਲ ਪਿਆ ਹੁੰਦਾ ਹੈ, ਰਬ ਦੇ ਦਰਸ਼ਨ ਕਰਨ ਦੇ ਵਿਚਾਰ ਹਿੱਤ। |
| ਰੰਗਿ ਹਸਹਿ, ਰੰਗਿ ਰੋਵਹਿ, ਚੁਪ ਭੀ ਕਰਿ ਜਾਹਿ ॥ | ਹਸਹਿੰ, ਰੋਵਹਿੰ, ਜਾਹਿੰ | ਉਹ ਇਲਾਹੀ ਰੰਗ ਵਿਚ ਹੱਸਦੇ, ਇਲਾਹੀ ਰੰਗ ਵਿਚ ਰੋਂਦੇ ਹਨ ਅਤੇ ਇਲਾਹੀ ਰੰਗ ਵਿਚ ਹੀ ਕਦੀ ਚੁਪ ਹੋ ਜਾਂਦੇ ਹਨ। |
| ਪਰਵਾਹ ਨਾਹੀ ਕਿਸੈ ਕੇਰੀ, ਬਾਝੁ ਸਚੇ ਨਾਹ ॥ | ਨਾਹੀਂ | ਉਹਨਾਂ ਨੂੰ ਕਿਸੇ ਦੀ ਪਰਵਾਹ ਨਹੀਂ ਹੁੰਦੀ, ਸਚੇ ਰਬ ਤੋਂ ਸਿਵਾਏ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਦਰਿ ਵਾਟ ਉਪਰਿ ਖਰਚੁ ਮੰਗਾ, ਜਬੈ ਦੇਇ ਤ ਖਾਹਿ ॥ | ਤੰ, ਖਾਹਿੰ | ੧. ਪਰਮਾਰਥ ਦੇ ਰਸਤੇ ਤੁ ਤੁਰਦਿਆਂ ਜਦੋਂ ਉਹ ਪਰਮਾਤਮਾ ਪਾਸੋਂ ਪਰਮਾਰਥੀ ਖਰਚ ਮੰਗਦੇ ਹਨ ਤਾਂ ਜਦੋਂ ਪਰਮਾਤਮਾ ਵਲੋਂ ਇਹ ਖਰਚ ਮਿਲਦਾ ਹੈ ਤਾਂ ਉਹ ਖਾਂਦੇ ਹਨ ਭਾਵ ਪਰਮਾਰਥੀ ਖਰਚ ਪਰਮਾਤਮਾ<br>ਪਾਸੋਂ ਮਿਲਦਾ ਹੈ ਭਾਵ ਭਗਤੀ ਦੀ ਦਾਤਿ ਪਰਮਾਤਮਾ ਪਾਸੋਂ ਪ੍ਰਾਪਤ ਹੁੰਦੀ ਹੈ।<br>੨. ਕਈ ਪੁਰਾਤਨ ਸਰੂਪਾਂ ਵਿਚ 'ਮੰਗਾ' ਦੇ ਥਾਂ ਤੇ 'ਮੰਗਹਿ' ਪਾਠ ਹੈ ਜੋ ਅਰਥਾਂ ਮੁਤਾਬਕ ਜ਼ਿਆਦਾ ਢੁਕਵਾਂ ਹੈ। |
| ਦੀਬਾਨੁ ਏਕੋ, ਕਲਮ ਏਕਾ, ਹਮਾ ਤੁਮ੍ਾ ਮੇਲੁ ॥ | | ਪਰਮਾਤਮਾ ਦਾ ਦਰਬਾਰ ਇਕ ਹੈ, ਉਹ ਕਲਮ ਜਿਸ ਨਾਲ ਲੇਖਾ ਲਿਖ ਹੁੰਦਾ ਹੈ, ਉਹ ਵੀ ਇਕ ਹੈ, ਤੇ ਇਸ ਲੇਖ ਅਨੁਸਾਰ ਹਮਾ ਤੁਮਾ ਭਾਵ ਹਮਾਰਾ ਤੁਮਾਰਾ ਭਾਵ ਹਰ ਇਕ ਦਾ ਮੇਲ ਹੁੰਦਾ ਹੈ ਭਾਵ ਰਿਸ਼ਤੇ ਨਾਤੇ ਬਣਦੇ ਹਨ। |
| ਦਰਿ ਲਏ ਲੇਖਾ ਪੀੜਿ ਛੁਟੈ, ਨਾਨਕਾ ਜਿਉ ਤੇਲੁ ॥੨॥ | ਜਿਉਂ | ਜਦੋਂ ਦਰ ਤੇ ਲੇਖਾ ਲਿਆ ਜਾਂਦਾ ਹੈ ਤਾਂ ਗੁਨਾਹਗਾਰ ਇਸ ਤਰਾਂ ਪੀੜ ਕੇ ਛੁਟਦਾ ਹੈ ਜਿਵੇਂ ਤੇਲ ਕੋਹਲੂ ਵਿਚ ਪੀੜਿਆ ਹੋਇਆ ਛੁਟਦਾ ਹੈ। |
| ਪਉੜੀ ॥ | | |
| ਆਪੇ ਹੀ ਕਰਣਾ ਕੀਓ, ਕਲ ਆਪੇ ਹੀ ਤੈ ਧਾਰੀਐ ॥ | ਤੈਂ | ਹੇ ਵਾਹਿਗੁਰੂ ਤੂੰ ਆਪੇ ਹੀ ਸਾਰਾ ਕਰਣਾ (ਕੀਤਾ ਹੋਇਆ ਪਾਸਾਰਾ) ਕੀਤਾ ਹੈ ਤੇ ਤੂੰ ਆਪੇ ਹੀ ਆਪਣੀ ਸ਼ਕਤੀ (ਕਲ) ਨਾਲ ਆਪਣੇ ਕੀਤੇ ਨੂੰ ਧਾਰਿਆ ਭਾਵ ਥੰਮਿਆ ਹੋਇਆ ਹੈ। |
| ਦੇਖਹਿ ਕੀਤਾ ਆਪਣਾ, ਧਰਿ ਕਚੀ ਪਕੀ ਸਾਰੀਐ ॥ | ਦੇਖਹਿਂ | ਤੂੰ ਆਪਣਾ ਕੀਤਾ ਦੇਖਦਾ ਹੈਂ ਭਾਵ ਨਿਗਹਬਾਨੀ ਕਰਦਾ ਹੈਂ ਜਿਵੇਂ ਚੌਪੜ ਦਾ ਖਿਲਾੜੀ ਖੇਲ ਵਿਚ ਕਚੀਆਂ ਪਕੀਆਂ ਨਰਦਾਂ (ਚੌਪੜ ਦੀਆਂ ਗੀਟੀਆਂ) ਧਰ ਕੇ ਉਹਨਾਂ ਨੂੰ ਦੇਖਦਾ ਸਾਂਭਦਾ ਹੈ ਭਾਵ ਜੀਵਾਂ ਨੂੰ ਪੈਦਾ ਕਰਕੇ ਉਹਨਾਂ ਦੀ ਦੇਖਭਾਲ ਵੀ ਆਪੇ ਕਰਦਾ ਹੈਂ। |
| ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ ॥ | | ਜੋ ਇਸ ਸੰਸਾਰ ਵਿਚ ਆਇਆ ਹੈ, ਉਹ ਇਥੋਂ ਜਾਵੇਗਾ, ਹਰੇਕ ਦੀ ਜਾਣ ਦੀ ਵਾਰੀ ਆਉਣੀ ਹੈ। |
| ਜਿਸ ਕੇ ਜੀਅ ਪਰਾਣ ਹਹਿ, ਕਿਉ ਸਾਹਿਬੁ ਮਨਹੁ ਵਿਸਾਰੀਐ ॥ | ਹਹਿਂ, ਕਿਉਂ, ਮਨਹੁੰ | ਜਿਸਦੇ ਹਾਲੇ ਪ੍ਰਾਣ ਹਨ ਭਾਵ ਜੋ ਹਾਲੇ ਇਸ ਸੰਸਾਰ ਵਿਚ ਜ਼ਿੰਦਾ ਹੈ, ਉਸ ਨੂੰ ਕਿਉਂ ਸਾਹਿਬ ਮਨ ਤੋਂ ਵਿਸਾਰਨਾ ਚਾਹੀਦਾ ਹੈ? ਭਾਵ ਨਹੀਂ ਵਿਸਾਰਨਾ ਚਾਹੀਦਾ। |
| ਆਪਣ ਹਥੀ, ਆਪਣਾ, ਆਪੇ ਹੀ ਕਾਜੁ ਸਵਾਰੀਐ ॥੨੦॥ | ਹਥੀਂ | ਆਪਣੇ ਹਥਾਂ ਨਾਲ, ਆਪਣਾ ਪਰਮਾਰਥ ਵਾਲਾ ਕੰਮ ਆਪੇ ਹੀ ਸਵਾਰਨਾ ਚਾਹੀਦਾ ਹੈ ਭਾਵ ਸਤਿਸੰਗਤ ਨੂੰ ਮਿਲ ਕੇ ਨਾਮ ਜਪਣਾ ਚਾਹੀਦਾ ਹੈ। |
| ਆਸਾ ਮਹਲਾ ੪ ॥ | ਮਹੱਲਾ | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ, ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥ | ਜਿਨ੍ਹਾਂ | ਜਿਨਾਂ ਨੂੰ ਮੇਰਾ ਪੂਰਾ ਸਤਿਗੁਰੂ ਭੇਟਿਆ ਹੈ, ਤਿਨਾਂ ਨੂੰ ਉਹ ਹਰਿਨਾਮ ਦ੍ਰਿੜਾਉਂਦਾ ਹੈ। |
| ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ, ਜੋ ਹਰਿ ਨਾਮੁ ਧਿਆਵੈ ॥ | ਤ੍ਰਿਸ਼ਨਾ | ਉਹਨਾਂ ਦੀ ਸਭ ਤ੍ਰਿਸ਼ਨਾ ਭੁਖ ਉਤਰ ਜਾਂਦੀ ਹੈ, ਜੋ ਸਤਿਗੁਰੂ ਦਾ ਦ੍ਰਿੜਾਇਆ ਨਾਮ ਧਿਆਉਂਦਾ ਹੈ। |
| ਜੋ ਹਰਿ ਹਰਿ ਨਾਮੁ ਧਿਆਇਦੇ, ਤਿਨ੍ ਜਮੁ ਨੇੜਿ ਨ ਆਵੈ ॥ | ਧਿਆਇੰਦੇ | ਜੋ ਗੁਰਮਤਿ ਨਾਮ ਧਿਆਉਂਦਾ ਹੈ, ਉਸ ਦੇ ਨੇੜੇ ਜਮ ਨਹੀਂ ਆਉਂਦਾ। |
| ਜਨ ਨਾਨਕ ਕਉ ਹਰਿ ਕ੍ਰਿਪਾ ਕਰਿ, ਨਿਤ ਜਪੈ ਹਰਿ ਨਾਮੁ, ਹਰਿ ਨਾਮਿ ਤਰਾਵੈ ॥੧॥ | | ਗੁਰੂ ਸਾਹਿਬ ਫੁਰਮਾਉਂਦਾ ਹਨ ਕਿ ਜਨ ਨਾਨਕ ਤੇ, ਹੇ ਹਰੀ, ਕਿਰਪਾ ਕਰ ਕਿ ਉਹ ਨਿਤ ਹਰਿਨਾਮ ਜਪੇ ਤੇ ਇਹ (ਗੁਰਮਤਿ) ਹਰਿਨਾਮ ਹੀ ਉਸ ਨੂੰ ਤਰਾਵੇ (ਇਸ ਭਵਜਲ ਤੋਂ)। |
| ਸਲੋਕੁ ਮਹਲਾ ੨ ॥ | ਮਹੱਲਾ | |
| ਏਹ ਕਿਨੇਹੀ ਆਸਕੀ, ਦੂਜੈ ਲਗੈ ਜਾਇ ॥ | ਆਸ਼ਕੀ | ਇਹ ਕੈਸੀ ਮੁਹੱਬਤ ਹੈ ਕਿ ਆਸ਼ਕ ਆਪਣੇ ਮਹਿਬੂਬ ਨੂੰ ਛਡ ਕੇ ਦੂਜੇ ਵਲ ਲਗ ਜਾਵੇ? ਭਾਵ ਇਹ ਮੁਹੱਬਤ ਗੁਰਮਤਿ ਵਿਚ ਪਰਵਾਨ ਨਹੀਂ ਜੋ ਵਾਹਿਗੁਰੂ ਨੂੰ ਛਡ ਕੇ ਕਿਸੇ ਹੋਰ ਨਾਲ ਕੀਤੀ ਜਾਵੇ। ਦੂਜਾ ਭਾਉ ਗੁਰਮਤਿ ਵਿਚ ਪਰਵਾਨ ਨਹੀਂ ਹੈ। |
| ਨਾਨਕ, ਆਸਕੁ ਕਾਂਢੀਐ, ਸਦ ਹੀ ਰਹੈ ਸਮਾਇ ॥ | ਆਸ਼ਕੁ | ਗੁਰੂ ਸਾਹਿਬ ਫੁਰਮਾਉਂਦਾ ਹਨ ਕਿ ਆਸ਼ਕ ਉਹ ਕਿਹਾ ਜਾਂਦਾ ਹੈ, ਜੋ ਸਦਾ ਮਹਿਬੂਬ ਵਿਚ ਸਮਾਇਆ ਰਹੇ ਭਾਵ ਸਦਾ ਮਹਿਬੂਬ ਨੂੰ ਹੀ ਚੇਤੇ ਰਖੇ। |
| ਚੰਗੈ ਚੰਗਾ ਕਰਿ ਮੰਨੇ, ਮੰਦੈ ਮੰਦਾ ਹੋਇ ॥ | | ਚੰਗਾ ਹੋਵੇ ਤਾਂ ਚੰਗਾ ਮੰਨੇ ਤੇ ਜੇਕਰ ਮੰਦਾ ਹੋਵੇ (ਤਬੀਅਤ ਦੇ ਉਲਟ ਹੋਵੇ) ਤਾਂ ਮੰਦਾ ਮੰਨੇ, ਤਾਂ... |
| ਆਸਕੁ ਏਹੁ ਨ ਆਖੀਐ, ਜਿ ਲੇਖੈ ਵਰਤੈ ਸੋਇ ॥੧॥ | ਆਸ਼ਕੁ | ਅਜਿਹਾ ਪੁਰਖ ਆਸ਼ਕ ਨਹੀਂ ਕਿਹਾ ਜਾ ਸਕਦਾ ਜੋ ਇਸ ਤਰਾਂ ਦੇ ਲੇਖੇ ਵਿਚ ਵਰਤੇ ਭਾਵ ਜੋ ਮਹਿਬੂਬ ਦੇ ਭਾਣੇ ਨੂੰ ਨਾ ਮੰਨੇ। |
| ਮਹਲਾ ੨ ॥ | ਮਹੱਲਾ | |
| ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ ॥ | ਮੁੰਢਹੁੰ | ਜੇਕਰ ਚਾਕਰ ਆਪਣੇ ਮਾਲਿਕ ਨੂੰ ਸਲਾਮ ਵੀ ਕਰੇ ਤੇ ਹੁਕਮ ਮੰਨਣ ਤੋਂ ਜਵਾਬ ਵੀ ਦੇ ਦੇਵੇ, ਤਾਂ ਅਜਿਹੇ ਚਾਕਰ ਨੂੰ ਮੂਲੋਂ ਹੀ ਭਟਕਿਆ ਸਮਝੋ। |
| ਨਾਨਕ, ਦੋਵੈ ਕੂੜੀਆ, ਥਾਇ ਨ ਕਾਈ ਪਾਇ ॥੨॥ | ਦੋਵੈਂ, ਕੂੜੀਆਂ, ਥਾਇ | ਉਸ ਦੀ ਦੋਵੇਂ ਗੱਲਾਂ – ਸਲਾਮ ਤੇ ਨਾਂਹ ਕਰਨੀ – ਝੂਠੀਆਂ ਹਨ, ਕੋਈ ਵੀ ਥਾਂ ਨਹੀਂ ਪੈਂਦੀ। |
| ਪਉੜੀ ॥ | | |
| ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਾਲੀਐ ॥ | ਸੇਵਿਐਂ | ਜਿਸ ਨੂੰ ਸੇਵਿਆਂ ਸੁਖ ਪਾਈਦਾ ਹੈ, ਉਸ ਸਾਹਿਬ ਨੂੰ ਸਦਾ ਸੰਭਾਲਣਾ ਭਾਵ ਸੇਵਨਾ ਚਾਹੀਦਾ ਹੈ। ਸੰਮਾਲਣ ਤੋਂ ਭਾਵ ਗੁਰਮਤਿ ਵਿਚ ਨਾਮ ਗੁਰਮੰਤ੍ਰ ਨੂੰ ਹਿਰਦੇ ਵਿਚ ਸੰਭਾਲੀ ਰਖਣ ਤੋਂ ਹੈ। ਨਾਮ ਨੂੰ ਹਿਰਦੇ ਵਿਚ ਸੰਮਾਲਣ ਨਾਲ ਨਾਮੀ ਵਾਹਿਗੁਰੂ ਦੀ ਸਚੀ ਸੇਵਾ ਸੰਭਾਲ ਹੁੰਦੀ ਹੈ। |

# ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ)

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ, ਕਿਉ ਘਾਲੀਐ ॥ | ਕਿਉਂ | ਜਿਸ ਕੰਮ ਦੇ ਕਰਨ ਨਾਲ ਆਪਣਾ ਕੀਤਾ ਆਪ ਹੀ ਪਾਈਦਾ ਹੈ, ਉਹੋ ਜੇਹੀ ਮਾੜੀ ਘਾਲ ਜਾਂ ਕਾਰ ਕਿਉਂ ਕਰੀਏ ਭਾਵ ਗ਼ੁਨਾਹ ਕਿਉਂ ਕਰੀਏ ਜਦਕਿ ਗ਼ੁਨਾਹ ਦਾ ਫਲ ਭੋਗਣਾ ਅਟਲ ਹੈ। |
| ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ ॥ | | ਮਾੜਾ ਕੰਮ ਮੂਲੋਂ ਹੀ ਨਹੀਂ ਕਰਨਾ ਚਾਹੀਦਾ; ਲੰਬੀ ਨਜ਼ਰ ਲਾ ਕੇ ਦੇਖਣਾ ਚਾਹੀਦਾ ਹੈ – ਕਿ ਓੜਕ ਆਪਣੇ ਕੀਤੇ ਦਾ ਫਲ ਭੋਗਣਾ ਪੈਣਾ ਹੈ। |
| ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ ॥ | ਜਿਉਂ | ਜਿਵੇਂ ਸਾਹਿਬ ਵਲੋਂ ਨਾ ਹਾਰੀਏ, ਉਹੋ ਜਿਹਾ ਪਾਸਾ ਢਾਲਣਾ ਚਾਹੀਦਾ ਹੈ ਭਾਵ ਐਸਾ ਕੰਮ ਕਰਨਾ ਚਾਹੀਦਾ ਹੈ ਕਿ ਸਾਹਿਬ ਨਾਲੋਂ ਟੁਟੇ ਨਾ। |
| ਕਿਛੁ ਲਾਹੇ ਉਪਰਿ ਘਾਲੀਐ ॥੨੧॥ | | ਲਾਹੇ ਤਾਂਈਂ ਵੀ ਘਾਲਣਾ ਘਾਲਣਾ ਚਾਹੀਦੀ ਹੈ (ਹਮੇਸ਼ਾਂ ਸੰਸਾਰ ਦੇ ਕੰਮਾਂ ਵਿਚ ਹੀ ਨਹੀਂ ਫਸੇ ਰਹਿਣਾ ਚਾਹੀਦਾ)। |
| ਜਿਨੀ, ਗੁਰਮੁਖਿ ਨਾਮੁ ਧਿਆਇਆ, ਤਿਨਾ, ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥ | ਜਿਨੀਂ, ਤਿਨਾਂ | ੧. ਗੁਰਮੁਖਿ ਨਾਮ ਤੋਂ ਮੁਰਾਦ ਗੁਰੂ ਘਰ ਦਾ ਖ਼ਾਸੁਲ-ਖ਼ਾਸ ਗੁਰਮੰਤ੍ਰ ਹੈ।<br>੨. ਜਿਨਾਂ ਨੇ ਗੁਰਮੁਖਿ ਨਾਮ ਧਿਆਇਆ ਹੈ ਉਹਨਾਂ ਨੂੰ ਫੇਰ ਕੋਈ ਬਿਘਨ ਨਹੀਂ ਪੈਂਦੀ।<br>੩. ਇਸ ਪੰਕਤੀ ਦਾ ਇਹ ਭਾਵ ਨਹੀਂ ਕਿ ਜਿਨਾਂ ਗੁਰਮੁਖਾਂ ਨੇ ਨਾਮ ਧਿਆਇਆ ਹੈ ਉਹਨਾਂ ਨੂੰ ਕੋਈ ਬਿਘਨ ਨਹੀਂ ਪੈਂਦੀ। 'ਜਿਨੀ' ਪਦ 'ਗੁਰਮੁਖਿ' ਦਾ ਪੜਨਾਵੀਂ ਵਿਸ਼ੇਸ਼ਨ ਨਹੀਂ ਹੈ; ਇਸ ਕਰਕੇ 'ਜਿਨੀ' ਤੇ ਹਲਕਾ ਬਿਸ਼ਰਾਮ ਲਾਉਣਾ ਚਾਹੀਦਾ ਹੈ। |
| ਜਿਨੀ, ਸਤਿਗੁਰੁ ਪੁਰਖੁ ਮਨਾਇਆ, ਤਿਨ, ਪੂਜੇ ਸਭੁ ਕੋਈ ॥ | ਜਿਨੀਂ | ਜਿਨਾਂ ਨੇ ਸਤਿਗੁਰ ਪੁਰਖ ਨੂੰ ਮਨਾ ਲਿਆ ਹੈ ਉਹਨਾਂ ਨੂੰ ਸਭ ਕੋਈ ਪੂਜਦਾ ਹੈ ਭਾਵ ਸਤਿਕਾਰ ਦਿੰਦਾ ਹੈ। |
| ਜਿਨ੍ਹੀ, ਸਤਿਗੁਰੁ ਪਿਆਰਾ ਸੇਵਿਆ, ਤਿਨ੍ਹਾ, ਸੁਖੁ ਸਦ ਹੋਈ ॥ | ਜਿਨੀਂ, ਤਿਨ੍ਹਾਂ | ਜਿਨਾਂ ਨੇ ਸਤਿਗੁਰ ਪਿਆਰੇ ਨੂੰ ਸੇਵਿਆ (ਗੱਲ ਮੰਨੀ ਹੈ) ਹੈ ਉਹਨਾਂ ਨੂੰ ਸਦਾ ਸੁਖ ਮਿਲਦਾ ਹੈ। |
| ਜਿਨ੍ਹਾ, ਨਾਨਕੁ ਸਤਿਗੁਰੁ ਭੇਟਿਆ, ਤਿਨ੍ਹਾ, ਮਿਲਿਆ ਹਰਿ ਸੋਈ ॥੨॥ | ਜਿਨ੍ਹਾਂ, ਤਿਨ੍ਹਾਂ | ੧. ਜਿਨਾਂ ਨੂੰ ਸਤਿਗੁਰ ਨਾਨਕ ਭੇਟਿਆ ਹੈ, ਉਹਨਾਂ ਨੂੰ ਹੀ ਹਰੀ ਮਿਲਿਆ ਹੈ।<br>੨. ਕਈ ਇਸ ਪੰਕਤੀ ਦਾ ਅਰਥ ਕਰਦੇ ਹਨ – ਹੇ ਨਾਨਕ, ਜਿਨਾਂ ਨੂੰ ਸਤਿਗੁਰੁ ਭੇਟਿਆ ਹੈ, ਓਹਨਾਂ ਨੂੰ ਹੀ ਹਰੀ ਮਿਲਿਆ ਹੈ – ਪਰ ਇਹ ਮਾਅਨੇ ਤਾਂ ਬਣਦੇ ਜੇਕਰ 'ਨਾਨਕੁ' ਦੇ ਅਖੀਰ ਵਿਚ ਔਂਕੜ ਨਾ ਹੁੰਦਾ ਕਿਉਂਕਿ ਔਂਕੜ ਦੀ ਮੌਜੂਦਗੀ 'ਨਾਨਕੁ' ਸ਼ਬਦ ਨੂੰ ਸੰਬੋਧਨ ਕਾਰਕ ਨਾਂਵ ਨਹੀਂ ਬਨਣ ਦਿੰਦਾ। 'ਨਾਨਕੁ' ਇਥੇ ਇਕ ਵਚਨ ਕਰਮ ਕਾਰਕ ਹੀ ਸਹੀ ਸਾਬਤ ਹੁੰਦਾ ਹੈ। |
| ਸਲੋਕੁ ਮਹਲਾ ੨ ॥ | ਮਹੱਲਾ | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ ॥ | | ਜੇਕਰ ਕੋਈ ਚਾਕਰ (ਨੌਕਰ) ਚਾਕਰੀ ਕਰਨ ਲਗੇ ਤੇ ਨਾਲੇ ਹੰਕਾਰ ਅਤੇ ਝਗੜਾ ਵੀ ਕਰੇ... |
| ਗਲਾ ਕਰੇ ਘਣੇਰੀਆ, ਖਸਮ ਨ ਪਾਏ ਸਾਦੁ ॥ | ਗਲਾਂ, ਘਣੇਰੀਆਂ | ਉਹ ਭਾਂਵੇਂ ਬਹੁਤ ਗੱਲਾਂ ਕਰੇ (ਮਿਠੀਆਂ ਸਿਪਲੀਆਂ) ਪਰ ਉਹ ਆਪਣੇ ਮਾਲਿਕ ਦਾ ਸੁਆਦ ਭਾਵ ਖੁਸ਼ੀ ਨਹੀਂ ਪਾਉਂਦਾ। |
| ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ ॥ | ਤਾਂ | ਜੇਕਰ ਚਾਕਰ ਆਪਾ ਗਵਾ ਕੇ ਸੇਵਾ ਕਰੇ ਤਾਂ ਉਹ ਕੁਝ ਮਾਣ ਪਾਉਂਦਾ ਹੈ। |
| ਨਾਨਕ, ਜਿਸ ਨੋ ਲਗਾ, ਤਿਸੁ ਮਿਲੈ, ਲਗਾ ਸੋ ਪਰਵਾਨੁ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ, ਅਜਿਹਾ ਚਾਕਰ, ਜਿਸ ਮਾਲਕ ਦੀ ਸੇਵਾ ਵਿਚ ਆਪਾ ਮਾਰ ਕੇ ਲਗਿਆ ਹੁੰਦਾ ਹੈ, ਫੇਰ ਉਸੇ ਨੂੰ ਹੀ ਮਿਲਦਾ ਹੈ ਭਾਵ ਮਾਲਿਕ ਵਲੋਂ ਪਰਵਾਨ ਹੁੰਦਾ ਹੈ ਅਤੇ ਕੇਵਲ ਅਜਿਹਾ ਸੇਵਕ ਹੀ ਪਰਵਾਨ ਹੈ। |
| ਮਹਲਾ ੨ ॥ | ਮਹੱਲਾ | |
| ਜੋ ਜੀਇ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ ॥ | ਮੂੰਹ | ਜੋ ਦਿਲ ਵਿਚ ਹੁੰਦਾ ਹੈ ਉਹੋ ਹੀ ਉਗਵਦਾ ਹੈ, ਉਤੋਂ ਉਤੋਂ ਮੂੰਹੋਂ ਕਹਿਆ ਤਾਂ ਹਵਾ ਹੀ ਹੈ ਭਾਵ ਅਰਥਹੀਣ ਹੈ। |
| ਬੀਜੇ ਬਿਖੁ, ਮੰਗੈ ਅੰਮ੍ਰਿਤੁ, ਵੇਖਹੁ ਏਹੁ ਨਿਆਉ ॥੨॥ | | ਜੇਕਰ ਕੋਈ ਮਨ ਕਰਕੇ ਜ਼ਹਿਰ ਬੀਜੇ ਤੇ ਉਪਰੋਂ ਅੰਮ੍ਰਿਤ ਮੰਗੇ ਤਾਂ ਦੇਖੋ ਇਹ ਕੈਸਾ ਇਨਸਾਫ ਹੈ। ਭਾਵ ਇਨਸਾਫ ਨਹੀਂ ਹੈ। |
| ਮਹਲਾ ੨ ॥ | ਮਹੱਲਾ | |
| ਨਾਲਿ ਇਆਣੇ ਦੋਸਤੀ, ਕਦੇ ਨ ਆਵੈ ਰਾਸਿ ॥ | | ਇਆਣੇ ਭਾਵ ਮੂਰਖ ਨਾਲ ਦੋਸਤੀ ਕਦੇ ਵੀ ਰਾਸਿ ਨਹੀਂ ਆਉਂਦੀ। ਇਆਣੇ ਤੋਂ ਭਾਵ ਮੂਰਖ ਭਾਵ ਅਜਿਹਾ ਮਨੁਖ ਹੈ ਜੋ ਗੁਰਮੁਖ ਨਹੀਂ ਹੈ। |
| ਜੇਹਾ ਜਾਣੈ ਤੇਹੋ ਵਰਤੈ, ਵੇਖਹੁ ਕੋ ਨਿਰਜਾਸਿ ॥ | | ਜਿੰਨਾ ਕੁ ਉਹ (ਇਆਣਾ) ਜਾਣਦਾ ਹੈ ਉਹੋ ਜਿਹਾ ਹੀ ਉਹ ਵਰਤਦਾ ਹੈ; ਕੋਈ ਨਿਸਤਾਰਾ ਕਰਕੇ ਦੇਖ ਲਵੇ। |
| ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ ॥ | | ੧. ਇਕ ਵਸਤੂ ਅੰਦਰ ਦੂਜੀ ਵਸਤੂ ਤਾਂ ਹੀ ਸਮਾ ਸਕਦੀ ਹੈ ਜੇਕਰ ਪਹਿਲੀ ਵਿਚ ਪਈ ਵਸਤੂ ਨੂੰ ਪਾਸੇ ਕੀਤਾ ਜਾਵੇ ਭਾਵ ਮਨ ਵਿਚ ਗੁਰਮਤਿ ਦਾ ਵਾਸਾ ਤਦ ਹੀ ਹੋਵੇਗਾ ਜੇਕਰ ਪਹਿਲਾਂ ਦੁਰਮਤਿ ਦਾ ਨਾਸ਼ ਹੋਵੇਗਾ।<br>੨. ਨੋਟ ਕਰੋ ਜੀ, ਇਥੇ 'ਪਾਸਿ' ਸ਼ਬਦ ਦਾ ਅਰਥ 'ਨੇੜੇ' ਨਹੀਂ ਹੈ ਬਲਕਿ 'ਪਾਸੇ', 'ਪਰਾਂ' ਹੈ। |
| ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸਿ ॥ | | ਸਾਹਿਬ ਦੇ ਸਾਹਮਣੇ ਹੁਕਮ ਨਹੀਂ ਚਲਦਾ, ਇਸ ਕਰਕੇ ਅਰਦਾਸ ਬੇਨਤੀ ਕਰਨੀ ਹੀ ਬਣਦੀ ਹੈ। |
| ਕੂੜਿ ਕਮਾਣੈ ਕੂੜੋ ਹੋਵੈ, ਨਾਨਕ ਸਿਫਤਿ ਵਿਗਾਸਿ ॥੩॥ | | ਕੂੜ (ਝੂਠ) ਦੇ ਕਮਾਣ ਨਾਲ ਨਤੀਜਾ ਕੂੜ ਹੀ ਹੁੰਦਾ ਹੈ ਅਤੇ ਸਾਹਿਬ ਦੀ ਸਿਫਤ ਸਾਲਾਹ ਰਾਹੀਂ ਵਿਗਸੀਦਾ ਹੈ ਭਾਵ ਖੁਸ਼ੀ ਮਿਲਦੀ ਹੈ। |
| ਮਹਲਾ ੨ ॥ | ਮਹੱਲਾ | |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਨਾਲਿ ਇਆਣੇ ਦੋਸਤੀ, ਵਡਾਰੂ ਸਿਉ ਨੇਹੁ ॥ | | ੧. ਬੇਸਮਝ ਨਾਲ ਦੋਸਤੀ ਅਤੇ ਹੰਕਾਰੀ ਨਾਲ ਪਿਆਰ ਕਰਨਾ, ਇਸ ਤਰਾਂ ਹੈ ਜਿਵੇਂ... <br>੨. ਇਹਨਾਂ ਪੰਕਤੀਆਂ ਵਿਚ 'ਇਆਣੇ' ਤੋਂ ਭਾਵ ਉਮਰ ਕਰਕੇ ਛੋਟੇ ਬਚੇ ਦਾ ਨਹੀਂ ਬਲਕਿ ਬੁਧੀ ਕਰਕੇ ਮੂਰਖ ਜਾਂ ਮਨਮੁਖ ਤੋਂ ਹੈ। ਇਸੇ ਤਰਾਂ ਹੀ 'ਵਡਾਰੂ' ਤੋਂ ਭਾਵ ਉਮਰ ਵਿਚ ਵਡੇ ਦਾ ਨਹੀਂ ਬਲਕਿ ਹੰਕਾਰੀ ਪੁਰਖ ਦਾ ਹੈ। ਗੁਰਮਤਿ ਵਿਚ ਉਮਰ ਕਰਕੇ ਕੋਈ ਵਿਤਕਰਾ ਨਹੀਂ ਹੈ। |
| ਪਾਣੀ ਅੰਦਰਿ ਲੀਕ ਜਿਉ, ਤਿਸ ਦਾ ਥਾਉ ਨ ਥੇਹੁ ॥੪॥ | ਜਿਉਂ, ਥਾਂਉਂ | ਪਾਣੀ ਅੰਦਰ ਲਕੀਰ ਖਿਚੀ ਹੋਵੇ, ਉਸ ਦਾ ਕੋਈ ਥਾਂ ਥੇਹ ਨਹੀਂ ਹੁੰਦਾ। |
| ਮਹਲਾ ੨ ॥ | ਮਹੱਲਾ | |
| ਹੋਇ ਇਆਣਾ ਕਰੇ ਕੰਮੁ, ਆਣਿ ਨ ਸਕੈ ਰਾਸਿ ॥ | | ਜੇਕਰ ਬੇਸਮਝ ਪੁਰਖ ਪਰਮਾਰਥ ਦਾ ਕੰਮ ਕਰੇ ਤਾਂ ਉਹ ਕੰਮ ਰਾਸ ਭਾਵ ਬਾਰੂਏਕਾਰ ਨਹੀਂ ਹੁੰਦਾ। |
| ਜੇ ਇਕ ਅਧ ਚੰਗੀ ਕਰੇ, ਦੂਜੀ ਭੀ ਵੇਰਾਸਿ ॥੫॥ | | ਜੇ ਕਿਤੇ ਇਕ ਅਧ ਚੰਗੀ ਕਾਰ ਕਰ ਵੀ ਲਵੇ ਤਾਂ ਦੂਜੀ ਜ਼ਰੂਰ ਖਰਾਬ ਕਰ ਦਿੰਦਾ ਹੈ। |
| ਪਉੜੀ ॥ | | |
| ਚਾਕਰੁ ਲਗੈ ਚਾਕਰੀ, ਜੇ ਚਲੈ ਖਸਮੈ ਭਾਇ ॥ | | ਚਾਕਰ ਤਾਂ ਚਾਕਰੀ ਵਿਚ ਲਗਿਆ ਸਮਝਿਆ ਜਾਂਦਾ ਹੈ ਜੇਕਰ ਉਹ ਮਾਲਿਕ ਦੇ ਭਾਣੇ (ਮਰਜ਼ੀ) ਵਿਚ ਚਲੇ। |
| ਹੁਰਮਤਿ ਤਿਸ ਨੋ ਅਗਲੀ, ਓਹੁ ਵਜਹੁ ਭਿ ਦੂਣਾ ਖਾਇ ॥ | | ਉਸ ਨੂੰ (ਚਾਕਰ ਨੂੰ) ਇਜ਼ਤ ਵੀ ਬਹੁਤ (ਅਗਲੀ) ਮਿਲਦੀ ਹੈ ਤੇ ਉਹ ਤਨਖਾਹ ਵੀ ਦੁਗੁਣੀ ਖਾਂਦਾ ਹੈ। |
| ਖਸਮੈ ਕਰੇ ਬਰਾਬਰੀ, ਫਿਰਿ ਗੈਰਤਿ ਅੰਦਰਿ ਪਾਇ ॥ | | ੧. (ਦੂਜੇ ਪਾਸੇ) ਜੇਕਰ ਕੋਈ ਚਾਕਰ ਮਾਲਿਕ ਦੀ ਬਰਾਬਰੀ ਕਰੇ ਤਾਂ ਉਸ ਨੂੰ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ। <br>੨. ਕਈ ਦਾਨੇ "ਗੈਰਤਿ ਅੰਦਰਿ ਪਾਇ" ਤੋਂ ਭਾਵ ਕਢਦੇ ਹਨ ਕਿ ਸਾਹਿਬ ਦੇ ਮਨ ਵਿਚ ਗੈਰਤਿ ਜਾਂ ਅਣਖ ਆਉਂਦੀ ਹੈ ਭਾਵ ਉਹ ਕ੍ਰੋਧਵਾਨ ਹੁੰਦਾ ਹੈ ਪਰ ਇਹ ਅਰਥ ਠੀਕ ਨਹੀਂ ਜਾਪਦੇ ਕਿਉਂਕਿ ਗੁਰਮਤਿ ਅਨੁਸਾਰ ਵਾਹਿਗੁਰੂ ਸੰਸਾਰੀ ਬਿਕਾਰਾਂ ਕਾਮ, ਕ੍ਰੋਧ ਆਦਿ ਤੋਂ ਨਿਰਲੇਪ ਹੈ। ਸੋ ਗੈਰਤਿ ਦਾ ਭਾਵ ਇਥੇ ਸ਼ਰਮ ਜਾਂ ਸ਼ਰਮਿੰਦਗੀ ਹੈ ਜੋ ਹੰਕਾਰੀ ਚਾਕਰ ਦੇ ਦਿਲ ਵਿਚ ਆਉਂਦੀ ਹੈ ਨਾ ਕਿ ਵਾਹਿਗੁਰੂ ਦੇ ਮਨ ਵਿਚ। |
| ਵਜਹੁ ਗਵਾਏ ਅਗਲਾ, ਮੁਹੇ ਮੁਹਿ ਪਾਣਾ ਖਾਇ ॥ | ਮੂੰਹੇ, ਮੂੰਹਿ | ਉਹ ਪਹਿਲੀ ਤਨਖਾਹ ਵੀ ਗਵਾ ਲੈਂਦਾ ਹੈ ਤੇ ਮੂੰਹ ਤੇ ਬਾਰ ਜੁਤੀਆਂ ਵੀ ਖਾਂਦਾ ਹੈ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਜਿਸ ਦਾ ਦਿਤਾ ਖਾਵਣਾ, ਤਿਸੁ ਕਹੀਐ ਸਾਬਾਸਿ ॥ | ਸ਼ਾਬਾਸ਼ਿ | ਜਿਸ ਦਾ ਦਿਤਾ ਖਾਣਾ ਹੈ, ਉਸ ਨੂੰ ਸ਼ਾਬਾਸ਼ ਕਹਿਣਾ ਚਾਹੀਦਾ ਹੈ ਭਾਵ ਸਭ ਕੁਝ ਦੇਣ ਵਾਲੇ ਵਾਹਿਗੁਰੂ ਦੀ ਸਿਫਤ ਸਾਲਾਹ ਕਰਨੀ ਚਾਹੀਦੀ ਹੈ, ਕਿਉਂਕਿ... |
| ਨਾਨਕ ਹੁਕਮੁ ਨ ਚਲਈ, ਨਾਲਿ ਖਸਮ ਚਲੈ ਅਰਦਾਸਿ ॥੨੨॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਹੁਕਮ ਨਹੀਂ ਚਲਦਾ ਬਲਕਿ ਮਾਲਿਕ ਅਗੇ ਅਰਦਾਸ ਹੀ ਚਲਦੀ ਹੈ। |
| ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ, ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥ | ਜਿਨ੍ਹਾਂ | ੧. ਜਿਨਾਂ ਦੇ ਅੰਦਰ ਮੁਖੀ ਗੁਰੂ (ਗੁਰਮੁਖਿ) ਦੀ ਪ੍ਰੀਤ ਹੈ, ਉਹਨਾਂ ਨੂੰ ਹਰੀ ਆਪੇ ਹੀ ਰਖਣਹਾਰਾ ਹੈ।<br>੨. ਇਥੇ 'ਗੁਰਮੁਖਿ' ਦਾ ਭਾਵ ਗੁਰਸਿਖ ਨਹੀਂ ਬਲਕਿ ਵਾਹਿਗੁਰੂ ਹੈ ਜਾਂ ਗੁਰਮਤਿ ਨਾਮ ਹੈ। |
| ਤਿਨ੍ ਕੀ ਨਿੰਦਾ ਕੋਈ ਕਿਆ ਕਰੇ, ਜਿਨ੍ ਹਰਿ ਨਾਮੁ ਪਿਆਰਾ ॥ | | ਉਹਨਾਂ ਦੀ ਕੋਈ ਕੀ ਨਿੰਦਾ ਕਰ ਸਕਦਾ ਹੈ ਜਿਨਾਂ ਨੂੰ ਹਰੀ ਦਾ ਨਾਮ ਪਿਆਰਾ ਹੈ। |
| ਜਿਨ ਹਰਿ ਸੇਤੀ ਮਨੁ ਮਾਨਿਆ, ਸਭ ਦੁਸਟ ਝਖ ਮਾਰਾ ॥ | ਦੁਸ਼ਟ | ਜਿਨਾਂ ਦਾ ਮਨ ਹਰੀ (ਨਾਮ) ਨਾਲ ਮੰਨਿਆ ਹੈ ਭਾਵ ਜੋ ਸਦਾ ਨਾਮ ਜਪਦੇ ਹਨ, ਉਹਨਾਂ ਦਾ ਨੁਕਸਾਨ ਕਰਨਾ ਚਾਹੁਣਵਾਲੇ ਬਸ ਝਖ ਮਾਰਦੇ ਹਨ ਭਾਵ ਗੁਰਮੁਖਾਂ ਦਾ ਕੋਈ ਨੁਕਸਾਨ ਨਹੀਂ ਕਰ ਸਕਦੇ। |
| ਜਨ ਨਾਨਕ ਨਾਮੁ ਧਿਆਇਆ, ਹਰਿ ਰਖਣਹਾਰਾ ॥੩॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ, ਜਿਨਾਂ ਨੇ ਨਾਮ ਧਿਆਇਆ ਹੈ, ਉਹਨਾਂ ਨੂੰ ਹਰਿ (ਜਿਸਦਾ ਉਹ ਨਾਮ ਜਪਦੇ ਹਨ) ਰਖਣਹਾਰਾ ਹੈ। |
| ਸਲੋਕੁ ਮਹਲਾ ੨ ॥ | ਮਹੱਲਾ | |
| ਏਹ ਕਿਨੇਹੀ ਦਾਤਿ, ਆਪਸ ਤੇ ਜੋ ਪਾਈਐ ॥ | | ਇਹ ਦਾਤ ਕਿਵੇਂ ਹੋ ਸਕਦੀ ਹੈ ਜੋ ਆਪਣੇ ਉਦਮ ਜਾਂ ਕਰਮ ਨਾਲ ਲਈ ਜਾਵੇ? |
| ਨਾਨਕ ਸਾ ਕਰਮਾਤਿ, ਸਾਹਿਬ ਤੁਠੈ ਜੋ ਮਿਲੈ ॥੧॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕਰਮਾਤ ਜਾਂ ਬਖ਼ਸ਼ਿਸ਼ ਤਾਂ ਉਹ ਹੈ ਜੋ ਸਾਹਿਬ ਦੇ ਤੁਠਣ ਕਰਕੇ ਮਿਲੇ। |
| ਮਹਲਾ ੨ ॥ | ਮਹੱਲਾ | |
| ਏਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ ॥ | | ਇਹ ਕੈਸੀ ਚਾਕਰੀ ਹੈ ਜਿਸ ਦੇ ਕਰਨ ਨਾਲ ਮਾਲਿਕ ਦਾ ਡਰ ਨਾ ਜਾਵੇ ਭਾਵ ਸਾਹਿਬ ਨਾਲ ਇਦਾਂ ਦਾ ਪਿਆਰ ਪਵੇ ਕਿ ਝਿਝਕ ਜਾਂ ਤਕੱਲੁਫ ਚਲਾ ਜਾਵੇ। |
| ਨਾਨਕ ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ ॥੨॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸੇਵਕ ਉਹ ਜਾਣਿਆ ਜਾਂਦਾ ਹੈ ਜੋ ਸਾਹਿਬ ਨਾਲ ਇਕ ਮਿਕ ਹੋ ਜਾਵੇ। |
| ਪਉੜੀ ॥ | | |
| ਨਾਨਕ ਅੰਤ ਨ ਜਾਪਨ੍ੀ ਹਰਿ, ਤਾ ਕੇ ਪਾਰਾਵਾਰ ॥ | | |

| ਸੰਥਿਆ - ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਆਪਿ ਕਰਾਏ ਸਾਖਤੀ, ਫਿਰਿ ਆਪਿ ਕਰਾਏ ਮਾਰ ॥ | | ਉਹ ਆਪੇ ਹੀ ਸਖਤੀ ਕਰਾਉਂਦਾ ਹੈ, ਅਤੇ ਆਪ ਹੀ ਮਾਰ ਪਵਾਉਂਦਾ ਹੈ। |
| ਇਕਨ੍ਹਾ ਗਲੀ ਜੰਜੀਰੀਆ, ਇਕਿ ਤੁਰੀ ਚੜਹਿ ਬਿਸੀਆਰ ॥ | ਇਕਨ੍ਹਾਂ, ਗਲੀਂ, ਜ਼ੰਜੀਰੀਆਂ, ਤੁਰੀਂ, ਚੜਹਿਂ | ੧. ਗਲੀ = ਗਲਾਂ ਵਿਚ; ਤੁਰੀ = ਘੋੜੀਆਂ, ਬਿਸੀਆਰ = ਅਨੇਕਾਂ। ੨. ਕਈਆਂ ਦੇ ਗਲਾਂ ਵਿਚ ਜ਼ੰਜੀਰੀਆਂ ਪੈਂਦੀਆਂ ਹਨ ਤੇ ਕਈ ਅਨੇਕਾਂ ਅਰਬੀ ਘੋੜੀਆਂ ਤੇ ਚੜਦੇ ਹਨ ਭਾਵ ਐਸ਼ ਕਰਦੇ ਹਨ। 'ਬਿਸੀਆਰ' ਦਾ ਭਾਵ ਹੈ 'ਬਹੁਤ'। |
| ਆਪਿ ਕਰਾਏ ਕਰੇ ਆਪਿ, ਹਉ ਕੈ ਸਿਉ ਕਰੀ ਪੁਕਾਰ ॥ | ਹਉਂ, ਸਿਉਂ | ਉਹ ਆਪੇ ਕਰਾਉਂਦਾ ਹੈ ਤੇ ਆਪੇ ਕਰਦਾ ਹੈ; ਮੈਂ ਕਿਸ ਅਗੇ ਫਰਿਆਦ ਕਰਾਂ? |
| ਨਾਨਕ, ਕਰਣਾ ਜਿਨਿ ਕੀਆ, ਫਿਰਿ ਤਿਸ ਹੀ ਕਰਣੀ ਸਾਰ ॥੨੩॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਨੇ ਕੀਤਾ ਹੈ (ਇਹ ਸੰਸਾਰ ਅਤੇ ਸਭ ਜੀਵ), ਉਹ ਹੀ ਫਿਰਿ ਜੀਵਾਂ ਦੀ ਸਾਰ ਲੈਂਦਾ ਹੈ। |
| ਹਰਿ ਜੁਗੁ ਜੁਗੁ ਭਗਤ ਉਪਾਇਆ, ਪੈਜ ਰਖਦਾ ਆਇਆ ਰਾਮ ਰਾਜੇ ॥ | | ਹਰੀ ਨੇ ਜੁਗ ਜੁਗ ਭਗਤਾਂ ਨੂੰ ਉਪਾਇਆ (ਪੈਦਾ ਕੀਤਾ) ਹੈ, ਤੇ ਉਹਨਾਂ ਦੀ ਪੈਜ ਰਖਦਾ ਆਇਆ ਹੈ। |
| ਹਰਣਾਖਸੁ ਦੁਸਟੁ ਹਰਿ ਮਾਰਿਆ, ਪ੍ਰਹਲਾਦੁ ਤਰਾਇਆ ॥ | ਹਰਣਾਖਸ਼ੁ, ਦੁਸ਼ਟੁ | (ਭਗਤ ਰਛਕ ਬਿਰਦ ਨੂੰ ਪਾਲਦੇ ਹੋਏ) ਹਰੀ ਨੇ ਹਰਣਾਖਸ਼ ਦੁਸ਼ਟ (ਜੋ ਪ੍ਰਹਲਾਦ ਤੇ ਜ਼ੁਲਮ ਕਰਦਾ ਸੀ) ਨੂੰ ਮਾਰਿਆ ਸੀ ਅਤੇ ਪ੍ਰਹਲਾਦ ਨੂੰ ਤਰਾਇਆ ਸੀ। |
| ਅਹੰਕਾਰੀਆ ਨਿੰਦਕਾ ਪਿਠਿ ਦੇਇ, ਨਾਮਦੇਉ ਮੁਖਿ ਲਾਇਆ ॥ | ਅਹੰਕਾਰੀਆਂ, ਨਿੰਦਕਾਂ | ਅਹੰਕਾਰੀਆਂ ਨਿੰਦਕਾਂ (ਬਾਹਮਣਾਂ ਨੂੰ, ਜਿੰਨਾਂ ਨੇ ਭਗਤ ਨਾਮਦੇਵ ਜੀ ਨੂੰ ਦੇਹੁਰੇ ਤੋਂ ਬਾਹਰ ਕਢਿਆ ਸੀ) ਨੂੰ ਹਰੀ ਨੇ ਪਿਠ ਦਿਤੀ ਅਤੇ ਨਾਮਦੇਵ ਜੀ ਨੂੰ ਮੂੰਹ ਲਾਇਆ ਭਾਵ ਗਲ ਲਾਇਆ ਸੀ। ਦੇਹੁਰਾ ਫੇਰ ਕੇ ਭਗਤ ਜੀ ਦੀ ਲਾਜ ਰਖੀ ਸੀ। ਇਸ ਬਾਬਤ ਗੁਰਬਾਣੀ ਵਿਚ ਸ਼ਬਦ ਹੈ - ਜਿਉ ਜਿਉ ਨਾਮ ਹਰਿਗੁਨ ਉਚਰੈ...॥ |
| ਜਨ ਨਾਨਕ, ਐਸਾ ਹਰਿ ਸੇਵਿਆ, ਅੰਤਿ ਲਏ ਛਡਾਇਆ ॥੪॥੧੩॥੨੦॥ | | ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਨ ਨਾਨਕ ਨੇ ਵੀ ਐਸਾ ਹਰੀ ਸੇਵਿਆ ਹੈ ਜੋ ਓੜਕ ਛਡਾ ਲੈਂਦਾ ਹੈ। |
| ਸਲੋਕੁ ਮਃ ੧ ॥ | ਮਃ = ਮਹੱਲਾ | |
| ਆਪੇ ਭਾਂਡੇ ਸਾਜਿਅਨੁ, ਆਪੇ ਪੂਰਣੁ ਦੇਇ ॥ | | ਵਾਹਿਗੁਰੂ ਆਪੇ ਹੀ ਸਰੀਰ ਰੂਪੀ ਭਾਂਡੇ ਬਣਾਉਂਦਾ ਹੈ ਅਤੇ ਆਪੇ ਹੀ ਇਹਨਾਂ ਨੂੰ ਭਰਦਾ ਹੈ (ਆਪਣੀ ਮਰਜ਼ੀ ਦੀ ਵਸਤੂ ਨਾਲ) |
| ਇਕਨ੍ਹੀ ਦੁਧੁ ਸਮਾਈਐ, ਇਕਿ ਚੁਲ੍ਹੈ ਰਹਨ੍ਹਿ ਚੜੇ ॥ | ਇਕਨ੍ਹੀਂ | ਕਈਆਂ ਵਿਚ ਤਾਂ ਦੁਧ ਪਾਈਦਾ ਹੈ ਅਤੇ ਕਈ ਭਾਂਡੇ ਚੁਲੇ ਤੇ ਹੀ ਚੜੇ ਰਹਿੰਦੇ ਹਨ ਭਾਵ ਕਈਆਂ ਨੂੰ ਤਾਂ ਸੰਸਾਰੀ ਤੌਰ ਤੇ ਸੁਖੀ ਬਣਾਉਂਦਾ ਹੈ ਅਤੇ ਕਈਆਂ ਨੂੰ ਦੁਨਿਆਵੀ ਤੌਰ ਤੇ ਦੁਖ ਦਿੰਦਾ ਹੈ। |
| ਇਕਿ ਨਿਹਾਲੀ ਪੈ ਸਵਨ੍ਹਿ, ਇਕਿ ਉਪਰਿ ਰਹਨਿ ਖੜੇ ॥ | ਨਿਹਾਲੀਂ | ਕਈ ਤਲਾਈਆਂ ਤੇ ਸਉਂਦੇ ਹਨ ਅਤੇ ਕਈ ਉਹਨਾਂ ਸਉਣ ਵਾਲਿਆਂ ਦੇ ਪਾਸ ਪਹਿਰੇ ਤੇ ਖੜੇ ਰਹਿੰਦੇ ਹਨ। |

| ਸੰਥਿਆ – ਸ੍ਰੀ ਆਸਾ ਕੀ ਵਾਰ (ਛੰਤਾਂ ਸਹਿਤ) | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਤਿਨ੍ਾ ਸਵਾਰੇ ਨਾਨਕਾ, ਜਿਨ੍ ਕਉ ਨਦਰਿ ਕਰੇ ॥੧॥ | ਤਿਨ੍ਹਾਂ | ਇਹਨਾਂ ਸੁਖੀਆਂ ਤੇ ਦੁਖੀਆਂ ਵਿਚੋਂ ਉਹਨਾਂ ਨੂੰ ਗੁਰਮਤਿ ਅਨੁਸਾਰ ਸਵਾਰਦਾ ਹੈ ਜਿਨਾਂ ਤੇ ਨਦਰਿ ਕਰਦਾ ਹੈ। |
| ਮਹਲਾ ੨ ॥ | ਮਹੱਲਾ | |
| ਆਪੇ ਸਾਜੇ, ਕਰੇ ਆਪਿ, ਜਾਈ ਭਿ ਰਖੈ ਆਪਿ ॥ | | ੧. ਉਹ ਸ੍ਰਿਸ਼ਟੀ ਨੂੰ ਆਪੇ ਸਾਜਦਾ, ਕਰਦਾ ਵੀ ਸਭ ਆਪ ਹੈ ਅਤੇ ਇਸ ਸ੍ਰਿਸ਼ਟੀ ਨੂੰ ਟਿਕਾਣੇ (ਜਾਈ, ਜਗ੍ਹਾ ਤੇ) ਵੀ ਆਪੇ ਹੀ ਰਖਦਾ ਹੈ। |
| ਤਿਸੁ ਵਿਚਿ ਜੰਤ ਉਪਾਇ ਕੈ, ਦੇਖੈ ਥਾਪਿ ਉਥਾਪਿ ॥ | | ਇਸ ਸ੍ਰਿਸ਼ਟੀ ਵਿਚ ਜੰਤ ਪੈਦਾ ਕਰਕੇ, ਕਦੇ ਇਸ ਨੂੰ ਬਣਾਉਂਦਾ ਹੈ ਤੇ ਕਦੇ ਢਾਹੁੰਦਾ ਹੈ। |
| ਕਿਸ ਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪਿ ॥੨॥ | | ਗੁਰੁ ਸਾਹਿਬ ਜੀ ਫੁਰਮਾਉਂਦੇ ਹਨ ਕਿ ਹੋਰ ਕਿਸ ਅਗੇ ਕੁਝ ਕਹੀਏ, ਜਦਕਿ ਸਭ ਕੁਝ ਉਹ ਕੇਵਲ ਆਪੇ ਆਪ ਹੀ ਹੈ। |
| ਪਉੜੀ ॥ | | |
| ਵਡੇ ਕੀਆ ਵਡਿਆਈਆ, ਕਿਛੁ ਕਹਣਾ ਕਹਣੁ ਨ ਜਾਇ ॥ | ਕੀਆਂ, ਵਡਿਆਈਆਂ | ਵਡੇ (ਪਰਮਾਤਮਾ) ਦੀਆਂ ਵਡਿਆਈਆਂ (ਵੀ ਵਡੀਆਂ ਹਨ), ਕੁਝ ਕਹਿਣਾ ਚਾਹੀਏ ਤਾਂ ਕੁਝ ਕਹਿ ਨਹੀਂ ਹੁੰਦਾ। |
| ਸੋ ਕਰਤਾ ਕਾਦਰ ਕਰੀਮੁ, ਦੇ ਜੀਆ ਰਿਜਕੁ ਸੰਬਾਹਿ ॥ | ਜੀਆਂ, ਰਿਜ਼ਕ | ਉਹ ਕਰਤਾ ਅਤੇ ਰਹਿਮੋ ਕਰਮ ਕਰਨਵਾਲਾ ਹੈ ਅਤੇ ਜੀਆਂ ਨੂੰ ਰਿਜ਼ਕ ਇਕੱਤਰ ਕਰਕੇ ਦਿੰਦਾ ਹੈ। |
| ਸਾਈ ਕਾਰ ਕਮਾਵਣੀ, ਧੁਰਿ ਛੋਡੀ ਤਿੰਨੈ ਪਾਇ ॥ | | ਜੋ ਕਾਰ ਉਸਨੇ ਸਾਡੇ ਕਰਨ ਵਾਸਤੇ ਧੁਰੋਂ ਰਖ ਛੱਡੀ ਹੈ, ਉਹੋ ਹੀ ਕਾਰ ਕਮਾਉਣੀ ਪੈਂਦੀ ਹੈ। |
| ਨਾਨਕ, ਏਕੀ ਬਾਹਰੀ, ਹੋਰ ਦੂਜੀ ਨਾਹੀ ਜਾਇ ॥ | ਨਾਹੀਂ | ੧. ਗੁਰੁ ਸਾਹਿਬ ਫੁਰਮਾਉਂਦੇ ਹਨ ਕਿ ਇਕ ਪਰਮਾਤਮਾ ਤੋਂ ਬਾਹਰੀ, ਹੋਰ ਕੋਈ ਥਾਂ ਨਹੀਂ ਹੈ।<br>੨. ਜਾਇ ਦਾ ਅਰਥ ਹੈ ਜਗ੍ਹਾ ਤੇ ਇਸ ਸ਼ਬਦ ਦਾ ਪਿਛੋਕੜ ਫਾਰਸੀ ਹੈ। |
| ਸੋ ਕਰੇ, ਜਿ ਤਿਸੈ ਰਜਾਇ ॥੨੪॥੧॥ ਸੁਧੁ | ਰਜ਼ਾਇ | ਉਹ ਸੋ ਕਰਦਾ ਹੈ, ਜੋ ਉਸ ਦੀ ਮਰਜ਼ੀ (ਰਜ਼ਾ) ਹੁੰਦੀ ਹੈ। |